
FARM AND SPICE
Open 7 Days a Week
8.30 am to 9.00 pm
SPECIAL OFFERS: 6-12 OCT
Daily Specials on
ਗਾਜਰ
Carrot Snaptop
99¢ /lb
ਗਾਲਾ ਬੀ ਸੀ ਸੇਬ
Gala BC Apple
$1.49 /lb
ਕਾਸਮਿਕ ਕ੍ਰਿਸਪ ਸੇਬ
Cosmic Crisp Apple
$1.49 /lb
ਆਵੋਕਾਡੋ
Avocado
99¢ each
ਸ਼ਿਮਲਾ ਮਿਰਚ
Green Pepper
$1.49 /lb
ਖਰਬੂਜਾ
Cantaloupe
$2.99 each
ਲੈਟਿਸ ਹੈੱਡ
Lettuce Head
$2.49 each
ਅਸ਼ੋਕਾ ਸਾਗ
Ashoka
Sarson Ka Saag
850g
$1.99 each
ਹੀਰ ਦਾਲਾਂ
Heer Lentils
Moong Washed / Moong Whole/Chickpeas
Moth/Chana Dal/Red Split/Kala Chana/Urad Whole/
4lb
$5.99 each
ਸਵਰਨ ਗੁੜ
Swarn
Pesi Gur
1kg
$3.99 each
ਗੁਲਾਬ ਜਾਮਣ/ਰਸਗੁੱਲੇ
Haldiram
Gulab Jamun/Rasgulla
$3.99 each
ਅਖ਼ਰੋਟ
Walnuts
Bulk
$4.49 /lb
ਮੇਰੀ ਚਾਹ
Meri Chai
Tea Bags
216Bags
$6.99 each
ਹੀਰ ਖੰਡ
Heer Sugar
White/Brown
8 lb
$7.99 each
ਹੈਲੋ ਜੀ ਚਾਵਲ
Hello JI
Basmati Rice
8lb
$9.99 each
ਕ੍ਰਾਊਨ ਤੇਲ
Crown
Sunflower Oil
3 ltr
$14.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਭਾਰਤ ਵਿੱਚ ਪੱਤਰਕਾਰਾਂ ਤੋਂ ਪੁੱਛਗਿੱਛ ਦੀ ਆਲੋਚਨਾ, ਮੀਡੀਆ ਸੰਗਠਨਾਂ ਨੇ ਕਿਹਾ:ਧਮਕਾਉਣ ਦੀ ਕੋਸ਼ਿਸ਼



ਨਵੀਂ ਦਿੱਲੀ:-ਨਿਊਜ਼ਕਲਿੱਕ ਨਾਲ ਜੁੜੇ ਪੱਤਰਕਾਰਾਂ, ਕਾਰਕੁਨਾਂ ਆਦਿ ਦੇ ਘਰਾਂ 'ਤੇ ਛਾਪੇਮਾਰੀ ਕਰਨ, ਉਨ੍ਹਾਂ ਦੇ ਮੋਬਾਈਲ, ਲੈਪਟਾਪ ਆਦਿ ਜ਼ਬਤ ਕਰਨ ਅਤੇ ਪੁੱਛਗਿੱਛ ਕਰਨ ਦੀ ਕਾਰਵਾਈ ਦੀ ਆਲੋਚਨਾ ਕਰਦਿਆਂ ਪੱਤਰਕਾਰ ਜਥੇਬੰਦੀਆਂ, ਕਾਰਕੁਨਾਂ ਅਤੇ ਵਿਰੋਧੀ ਧਿਰ ਨੇ ਇਸ ਨੂੰ ਮੀਡੀਆ ਨੂੰ ਡਰਾਉਣ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਦਿੱਲੀ ਪੁਲਿਸ ਵੱਲੋਂ ਮੰਗਲਵਾਰ ਸਵੇਰੇ ਛਾਪੇਮਾਰੀ, ਮੋਬਾਈਲ ਫ਼ੋਨ, ਲੈਪਟਾਪ ਆਦਿ ਜ਼ਬਤ ਕਰਨ ਅਤੇ ਮੀਡੀਆ ਆਊਟਲੈੱਟ ਨਿਊਜ਼ਕਲਿਕ ਨਾਲ ਜੁੜੇ ਪੱਤਰਕਾਰਾਂ, ਕਾਰਕੁਨਾਂ, ਸਟੈਂਡਅੱਪ ਕਾਮੇਡੀਅਨ ਆਦਿ ਤੋਂ ਪੁੱਛਗਿੱਛ ਦੀ ਪੱਤਰਕਾਰ ਸੰਗਠਨਾਂ ਅਤੇ ਵਿਰੋਧੀ ਧਿਰ ਦੇ ਆਗੂਆਂ ਨੇ ਭਾਰੀ ਆਲੋਚਨਾ ਕੀਤੀ ਹੈ।

ਹਾਲਾਂਕਿ ਦਿੱਲੀ ਪੁਲਿਸ ਨੇ ਛਾਪੇਮਾਰੀ ਅਤੇ ਪੁੱਛਗਿੱਛ ਬਾਰੇ ਅਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ। ਜਾਣਕਾਰੀ ਅਨੁਸਾਰ ਇਹ ਕਾਰਵਾਈ ਯੂਏਪੀਏ ਐਕਟ ਤਹਿਤ 17 ਅਗਸਤ, 2023 ਨੂੰ ਦਰਜ ਐਫਆਈਆਰ ਨੰਬਰ 224/2023 ਦੇ ਸਬੰਧ ਵਿੱਚ ਹੈ। ਦੀ ਧਾਰਾ 153 (ਏ) ਅਤੇ 120 (ਬੀ) ਸਮੇਤ ਭਾਰਤੀ ਦੰਡਾਵਲੀ ਦੀਆਂ ਕਈ ਧਾਰਾਵਾਂ ਲਗਾਈਆਂ ਗਈਆਂ ਹਨ। ਇਹ ਮਾਮਲਾ ਕਥਿਤ ਤੌਰ 'ਤੇ ਭਾਜਪਾ ਦੇ ਉਸ ਦਾਅਵੇ ਨਾਲ ਸਬੰਧਤ ਹੈ, ਜਿੱਥੇ ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਨਿਊਯਾਰਕ ਟਾਈਮਜ਼ ਦੀ ਇਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਲੋਕ ਸਭਾ ਵਿਚ ਕਿਹਾ ਸੀ ਕਿ ਕਾਂਗਰਸ ਨੇਤਾਵਾਂ ਅਤੇ ਨਿਊਜ਼ਕਲਿੱਕ ਨੂੰ 'ਭਾਰਤ ਵਿਰੋਧੀ' ਮਾਹੌਲ ਬਣਾਉਣ ਲਈ ਚੀਨ ਤੋਂ ਫੰਡ ਪ੍ਰਾਪਤ ਹੋਏ ਹਨ।

ਮੰਗਲਵਾਰ ਸਵੇਰੇ, ਵੀਡੀਓ ਪੱਤਰਕਾਰ ਅਭਿਸਾਰ ਸ਼ਰਮਾ, ਸੀਨੀਅਰ ਪੱਤਰਕਾਰ ਭਾਸ਼ਾ ਸਿੰਘ, ਅਨੁਭਵੀ ਪੱਤਰਕਾਰ ਉਰਮਿਲੇਸ਼, ਨਿਊਜ਼ ਵੈੱਬਸਾਈਟ ਨਿਊਜ਼ਕਲਿਕ ਦੇ ਸੰਪਾਦਕ ਪ੍ਰਬੀਰ ਪੁਰਕਾਯਸਥ ਅਤੇ ਲੇਖਿਕਾ ਗੀਤਾ ਹਰੀਹਰਨ, ਪ੍ਰਸਿੱਧ ਪੱਤਰਕਾਰ ਅਤੇ ਟਿੱਪਣੀਕਾਰ ਔਨਿੰਦਿਓ ਚੱਕਰਵਰਤੀ, ਕਾਰਕੁਨ ਅਤੇ ਇਤਿਹਾਸਕਾਰ ਸੋਹੇਲ ਹਾਸ਼ਮੀ ਅਤੇ ਸਟੈਂਡਅੱਪ ਕਾਮੇਡੀਅਨ ਸੰਜੇ ਰਾਜੌਰਾ ਸ਼ਾਮਲ ਸਨ। ਇਥੇ ਛਾਪੇਮਾਰੀ ਕੀਤੀ ਗਈ। ਇਸ ਤੋਂ ਬਾਅਦ ਕਈਆਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਅਤੇ ਮੰਗਲਵਾਰ ਸ਼ਾਮ ਨੂੰ ਛੱਡ ਦਿੱਤਾ ਗਿਆ। ਛਾਪੇਮਾਰੀ ਕੀਤੇ ਗਏ ਪੱਤਰਕਾਰਾਂ ਅਤੇ ਕਰਮਚਾਰੀਆਂ ਨੇ 'ਦ ਵਾਇਰ' ਨੂੰ ਦੱਸਿਆ ਕਿ ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਨੇ ਭਾਰਤ ਵਿੱਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਅਤੇ ਕੋਵਿਡ ਮਹਾਂਮਾਰੀ ਵਰਗੀਆਂ ਘਟਨਾਵਾਂ ਬਾਰੇ ਰਿਪੋਰਟ ਕੀਤੀ ਸੀ। ਇਸ ਕਾਰਵਾਈ ਦੀ ਮੀਡੀਆ ਸੰਸਥਾਵਾਂ ਅਤੇ ਸਮਾਜ ਸੇਵੀਆਂ ਸਮੇਤ ਵਿਰੋਧੀ ਧਿਰ ਵੱਲੋਂ ਨਿਖੇਧੀ ਕੀਤੀ ਗਈ ਹੈ।

ਪ੍ਰੈਸ ਕਲੱਬ ਆਫ ਇੰਡੀਆ, ਮੁੰਬਈ ਪ੍ਰੈਸ ਕਲੱਬ, ਐਡੀਟਰਸ ਗਿਲਡ ਆਫ ਇੰਡੀਆ ਅਤੇ ਨੈੱਟਵਰਕ ਆਫ ਵੂਮੈਨ ਇਨ ਮੀਡੀਆ, ਇੰਡੀਆ (ਐੱਨ) ਨੇ ਮੀਡੀਆ ਦੀ ਆਜ਼ਾਦੀ 'ਤੇ ਛਾਪੇਮਾਰੀ ਦੇ ਗੰਭੀਰ ਪ੍ਰਭਾਵਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ।


ਸੰਪਾਦਕ ਗਿਲਡ ਨੇ ਕਿਹਾ ਕਿ ਉਹ 3 ਅਕਤੂਬਰ ਨੂੰ ਸੀਨੀਅਰ ਪੱਤਰਕਾਰਾਂ ਦੇ ਘਰਾਂ 'ਤੇ ਛਾਪੇਮਾਰੀ ਅਤੇ ਬਾਅਦ ਵਿੱਚ ਉਨ੍ਹਾਂ ਵਿੱਚੋਂ ਕਈਆਂ ਨੂੰ ਹਿਰਾਸਤ ਵਿੱਚ ਲਏ ਜਾਣ 'ਤੇ ਡੂੰਘੀ ਚਿੰਤਾ ਵਿੱਚ ਹੈ। ਸਰਕਾਰ ਸਖ਼ਤ ਅਪਰਾਧਿਕ ਕਾਨੂੰਨਾਂ ਨੂੰ ਪ੍ਰੈਸ ਨੂੰ ਡਰਾਉਣ ਡਰਾਉਂਣ ਲਈ ਵਰਤਦਾ ਹੈ। ਸੱਚ ਬੋਲਣ ਵਾਲੇ ਪੱਤਰਕਾਰਾਂ, ਕਾਰਕੁੰਨਾਂ ਅਤੇ ਕਲਾਕਾਰਾਂ ਨੂੰ ਸਰਕਾਰ ਵੱਲੋਂ ਲਗਾਤਾਰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜਦੋਂ ਕਿ ਸਰਕਾਰ ਪੱਖੀ ਮੀਡੀਆ ਵਿਅਕਤੀਆਂ ਅਤੇ ਮੀਡੀਆ ਹਾਊਸਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਅਸਹਿਮਤੀ ਨੂੰ ਕੁਚਲਣ ਦੀ ਇਹ ਮੁਹਿੰਮ ਖਤਮ ਹੋਣੀ ਚਾਹੀਦੀ ਹੈ। ਨੈਸ਼ਨਲ ਅਲਾਇੰਸ ਆਫ ਜਰਨਲਿਸਟਸ, ਦਿੱਲੀ ਯੂਨੀਅਨ ਆਫ ਜਰਨਲਿਸਟਸ ਅਤੇ ਕੇਰਲ ਯੂਨੀਅਨ ਆਫ ਵਰਕਿੰਗ ਜਰਨਲਿਸਟਸ (ਦਿੱਲੀ ਯੂਨਿਟ) ਨੇ ਵੀ ਇਸੇ ਤਰ੍ਹਾਂ ਦੇ ਬਿਆਨ ਜਾਰੀ ਕੀਤੇ ਹਨ। ਉਨ੍ਹਾਂ ਕਿਹਾ, 'ਸਾਡਾ ਮੰਨਣਾ ਹੈ ਕਿ ਇਹ ਪ੍ਰੈੱਸ ਦੀ ਆਜ਼ਾਦੀ ਨੂੰ ਖਤਮ ਕਰਨ ਦੀ ਕੇਂਦਰ ਦੀ ਇਕ ਹੋਰ ਕੋਸ਼ਿਸ਼ ਹੈ। ਕਿਸੇ ਮੀਡੀਆ ਅਦਾਰੇ ਵਿੱਚ ਛਾਪੇਮਾਰੀ ਕਰਨ ਅਤੇ ਉਨ੍ਹਾਂ ਨੂੰ ਡਰਾਉਣ-ਧਮਕਾਉਣ ਦੀ ਅਜਿਹੀ ਕਾਰਵਾਈ ਕਦੇ ਸੁਣਨ ਵਿੱਚ ਨਹੀਂ ਆਉਂਦੀ।

(ਬਾਕੀ ਸਫਾ ਬੀ-4 ਤੇ)

# ਅੰਮ੍ਰਿਤਪਾਲ ਸਿੰਘ ਨੇ ਆਸਾਮ ਦੀ ਜੇਲ੍ਹ ਵਿੱਚ ਭੁੱਖ ਹੜਤਾਲ ਸ਼ੁਰੂ ਕੀਤੀ



ਅੰਮ੍ਰਿਤਸਰ: ਸਿੱਖ ਆਗੂ ਅੰਮ੍ਰਿਤਪਾਲ ਸਿੰਘ ਨੇ ਭਾਰਤ ਦੇ ਆਸਾਮ ਸੂਬੇ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨੌਂ ਸਾਥੀਆ ਸਮੇਤ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਇਹ ਸਿੱਖ ਆਪਣੇ ਚੁਣੇ ਹੋਏ ਵਕੀਲ ਦੀ ਜੇਲ੍ਹ ਦੇ ਅੰਦਰ ਉਨ੍ਹਾਂ ਤੱਕ ਪਹੁੰਚਣ 'ਤੇ ਪਾਬੰਦੀਆਂ ਦਾ ਵਿਰੋਧ ਕਰ ਰਹੇ ਹਨ। ਜੇਲ੍ਹ ਦੇ ਬਾਹਰ, ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੇ ਵੀ ਆਪਣੇ ਪਤੀ ਅਤੇ ਰਾਸ਼ਟਰੀ ਸੁਰੱਖਿਆ ਐਕਟ (ਐਨਐਸਏ) ਦੇ ਸਖ਼ਤ ਕਾਨੂੰਨ ਤਹਿਤ ਦਰਜ ਕੀਤੇ ਗਏ ਹੋਰ ਨਜ਼ਰਬੰਦਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਨ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਕਿਰਨਦੀਪ ਕੌਰ ਨੇ ਮੀਡੀਆ ਨੂੰ ਦੱਸਿਆ ਕਿ ਉਸ ਦੇ ਪਤੀ ਅਤੇ 9 ਨਜ਼ਰਬੰਦਾਂ ਨੇ ਜੇਲ੍ਹ ਵਿੱਚ ਉਨ੍ਹਾਂ ਦੇ ਵਕੀਲ ਰਾਜਦੇਵ ਸਿੰਘ ਵੱਲੋਂ ਕਥਿਤ ਤੌਰ 'ਤੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਭੁੱਖ ਹੜਤਾਲ ਸ਼ੁਰੂ ਕੀਤੀ ਸੀ।


BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh



Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"

Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com


Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਮਨੀਪੁਰ ਵਿੱਚ ਗੁਜਰਾਤ ਵਾਂਗ ਸਰਕਾਰੀ ਸ਼ਹਿ ਤੇ ਕੁਕੀ (ਈਸਾਈ) ਭਾਈਚਾਰੇ ਦਾ ਕਤਲੇਆਮ ਹੋਇਆ




ਇੰਫਾਲ:-: ਭਾਰਤੀ ਰਾਜ ਮਨੀਪੁਰ ਵਿੱਚ ਸਰਕਾਰ ਦੇ ਸਹਿਯੋਗ ਨਾਲ ਈਸਾਈਆ ਦਾ ਕਤਲੇਆਮ ਕੀਤਾ ਗਿਆ । ਉਥੋਂ ਦੀ ਸਰਕਾਰ ਇਸ ਘਿਨਾਉਂਣੇ ਜੁਰਮ ਲਈ "ਬਹੁਤ ਵੱਡੀ ਦੋਸ਼ੀ" ਦੱਸਿਆ ਹੈ।

ਹਿਊਮਨ ਰਾਈਟਸ ਕਾਰਕੁੰਨ ਹਰਸ਼ ਮੰਡੇਰ, ਮਈ ਤੋਂ ਨਸਲੀ ਅਤੇ ਧਾਰਮਿਕ ਹਿੰਸਾ ਵਿੱਚ ਉਲਝੇ ਹੋਏ ਮਣੀਪੁਰ ਦੇ ਆਪਣੇ ਦੌਰੇ ਦੌਰਾਨ, ਨਸਲੀ ਹਿੰਸਾ ਤੋਂ ਪ੍ਰਭਾਵਤ ਮੈਤੇਈ ਅਤੇ ਕੁਕੀ ਪਰਿਵਾਰਾਂ ਨੂੰ ਮਿਲਿਆ।ਸੈਂਕੜੇ ਮੈਤੇਈ ਅਤੇ ਕੁਕੀ ਕੈਂਪਾਂ ਵਿੱਚ ਨਿਰਾਸ਼ਾ ਵਿੱਚ ਰਹਿੰਦੇ ਹਨ। ਉਨਾ ਨੂੰ ਯਕੀਨੀ ਨਹੀਂ ਕਿ ਉਹ ਕਦੇ ਆਪਣੇ ਸਾੜੇ ਗਏ ਪਿੰਡਾਂ ਜਾ ਘਰਾਂ ਵਿੱਚ ਵਾਪਸ ਆਉਣਗੇ ਜਾਂ ਨਹੀਂ।

3.2 ਮਿਲੀਅਨ ਲੋਕਾਂ ਦੇ ਰਾਜ ਵਿੱਚ, ਮੀਤੀ ਜ਼ਿਆਦਾਤਰ ਵੈਸ਼ਨਵ ਹਿੰਦੂ ਹਨ ਜਿਨਾ ਦੀ ਅੱਧੀ ਤੋਂ ਵੱਧ ਆਬਾਦੀ ਹੈ ਅਤੇ ਇੰਫਾਲ ਘਾਟੀ ਵਿੱਚ ਰਹਿੰਦੇ ਹਨ, ਜਦੋਂ ਕਿ ਈਸਾਈ ਕੂਕੀ ਬਹੁਤ ਘੱਟ ਹਨ ਅਤੇ ਪਹਾੜੀ ਜ਼ਿਲ੍ਹਿਆਂ ਵਿੱਚ ਰਹਿੰਦੇ ਹਨ।

ਪਿਛਲੇ ਛੇ ਸਾਲਾਂ ਤੋਂ ਭਾਜਪਾ ਦੀ ਸਰਕਾਰ ਦੇ ਰਾਜ ਵਿੱਚ ਮਨੀਪੁਰ ਵਿੱਚ ਹਿੰਸਾ ਵਿੱਚ 200 ਤੋਂ ਵੱਧ ਲੋਕ, ਜਿਨ੍ਹਾਂ ਵਿੱਚ ਜ਼ਿਆਦਾਤਰ ਕੁਕੀ ਈਸਾਈ ਹਨ, ਦੀ ਮੌਤ ਹੋ ਚੁੱਕੀ ਹੈ।ਹਰਸ਼ ਮੰਡੇਰ ਨੇ ਮਨੀਪੁਰ ਦੀ ਸਥਿਤੀ ਨੂੰ ਭਾਜਪਾ ਦਾ ਪੱਖਪਾਤੀ "ਬਹੁਤ ਵੱਡਾ ਦੋਸ਼" ਦੱਸਿਆ ਜਿਸ ਨੇ ਘੱਟ ਗਿਣਤੀ ਈਸਾਈਆਂ ਦੀ ਮਦਦ ਕਰਨ ਲਈ ਬਹੁਤ ਘੱਟ ਕੀਤਾ ਹੈ ਜੋ ਵੱਡੀ ਗਿਣਤੀ ਵਿੱਚ ਮਾਰੇ ਗਏ ਅਤੇ ਉਝਾੜ ਦਿੱਤੇ ਗਏ ਹਨ।

ਹਰਸ਼ ਮੰਡੇਰ ਨੇ ਕਿਹਾ ਕਿ ਮੈਂ ਇੱਕ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈਏਐਸ) ਅਧਿਕਾਰੀ ਵਜੋਂ ਅਤੇ ਫਿਰ ਇੱਕ ਕਾਰਕੁਨ ਵਜੋਂ ਆਪਣੇ ਜੀਵਨ ਵਿੱਚ ਮਨੀਪੁਰ ਵਰਗਾ ਦੁਖਾਂਤ ਕਦੇ ਨਹੀਂ ਦੇਖਿਆ।

ਮਨੀਪੁਰ ਦੀ ਭਾਜਪਾ ਸਰਕਾਰ ਦੀ ਪੱਖਪਾਤੀ ਭੂਮਿਕਾ, ਘੱਟਗਿਣਤੀਆਂ ਦੀ ਮਦਦ ਨਾ ਕਰਨਾ, ਅਤੇ ਕੇਂਦਰ ਸਰਕਾਰ ਦੀ ਚੁੱਪ, 2002 ਦੇ ਗੁਜਰਾਤ ਮੁਸਲਮਾਨਾ ਦੇ ਕਤਲੇਆਮ ਵਰਗੀ ਸੀ, ਜਿੱਥੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।ਪਰ ਮਨੀਪੁਰ ਵਿੱਚ ਮੈਤੇਈ ਭਾਈਚਾਰਾ ਜੋ ਭਾਜਪਾ ਪੱਖੀ ਹਿੰਦੂਤਵੀ ਲੋਕ ਹਨ, ਉਨਾ ਵੱਲੋਂ ਵਰਤੇ ਜਾ ਰਹੇ ਹਥਿਆਰ ਵਧੇਰੇ ਆਧੁਨਿਕ ਅਤੇ ਘਾਤਕ ਸਨ।

ਮਨੀਪੁਰ ਦੇ ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ 62 ਸਾਲਾ ਮੁੱਖ ਮੰਤਰੀ ਬੀਰੇਨ ਸਿੰਘ ਨੇ ਨਸਲੀ ਟਕਰਾਅ ਵਿੱਚ ਪੱਖਪਾਤੀ ਭੂਮਿਕਾ ਨਿਭਾਈ ਹੈ,ਮੈਤੇਈ ਲੋਕਾ ਦਾ ਸਾਥ ਦਿੱਤਾ। ਜਿਸ ਕਾਰਣ ਕੁਕੀ (ਈਸਾਈ) ਭਾਈਚਾਰੇ ਦਾ ਜਾਨੀ ਨੁਕਸਾਨ, ਉਜਾੜਾ ਹੋਇਆ।ਜਦੋਂ ਕਿ ਮੁਖ ਮੰਤਰੀ ਨੇ ਆਪਣੇ ਰਾਜ ਦੇ ਲੋਕਾਂ ਨੂੰ ਬਚਾਉਂਣਾ ਸੀ।

(ਸਫਾ ਬੀ-3 ਦੀ ਬਾਕੀ)

ਨਿਊਜ਼ਕਲਿਕ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜੋ ਵੀ ਪੈਸਾ ਮਿਲਿਆ ਹੈ, ਉਹ ਕਾਨੂੰਨੀ ਸਰੋਤਾਂ ਰਾਹੀਂ ਪ੍ਰਾਪਤ ਹੋਇਆ ਹੈ ਅਤੇ ਇਸ ਦੇ ਸਬੂਤ ਦਿੱਲੀ ਹਾਈ ਕੋਰਟ ਵਿੱਚ ਪੇਸ਼ ਕੀਤੇ ਗਏ ਹਨ।

ਆਲ ਇੰਡੀਆ ਡੈਮੋਕ੍ਰੇਟਿਕ ਵੂਮੈਨ ਐਸੋਸੀਏਸ਼ਨ (ਏਆਈਡੀਡਬਲਿਊਏ) ਨੇ ਵੀ ਮੰਗਲਵਾਰ ਨੂੰ ਪੱਤਰਕਾਰਾਂ ਖਿਲਾਫ ਕੀਤੀ ਗਈ ਕਾਰਵਾਈ ਦੀ ਨਿੰਦਾ ਕੀਤੀ ਹੈ। ਉਨ੍ਹਾਂ ਦੇ ਬਿਆਨ ਵਿੱਚ ਕਿਹਾ ਗਿਆ ਹੈ, 'ਇਹ ਅਤਿਅੰਤ ਗੈਰ-ਜਮਹੂਰੀ, ਅਨੁਚਿਤ, ਦਮਨਕਾਰੀ ਕਾਰਵਾਈ ਸਪੱਸ਼ਟ ਤੌਰ 'ਤੇ ਆਜ਼ਾਦ ਅਤੇ ਨਿਡਰ ਪੱਤਰਕਾਰਾਂ ਅਤੇ ਹੋਰਾਂ ਨੂੰ ਡਰਾਉਣ ਲਈ ਕੀਤੀ ਗਈ ਹੈ ਜੋ ਸਰਕਾਰੀ ਨੀਤੀਆਂ ਦੀ ਆਲੋਚਨਾ ਕਰਦੇ ਰਹੇ ਹਨ। ਭਾਜਪਾ ਸਰਕਾਰ ਨੇ ਹੁਣ ਇਹ ਛਾਪੇ ਮਾਰਨ ਅਤੇ ਸਬੰਧਤ ਵਿਅਕਤੀਆਂ ਦੇ ਲੈਪਟਾਪਾਂ ਅਤੇ ਮੋਬਾਈਲਾਂ ਸਮੇਤ ਇਲੈਕਟ੍ਰਾਨਿਕ ਸਮਾਨ ਨੂੰ ਜ਼ਬਤ ਕਰਨ ਲਈ ਆਈਪੀਸੀ ਦੀਆਂ ਹੋਰ ਧਾਰਾਵਾਂ ਦੇ ਨਾਲ ਸਖ਼ਤ ਯੂਏਪੀਏ ਦੀ ਵਰਤੋਂ ਕਰਨ ਦੀ ਚੋਣ ਕੀਤੀ ਹੈ।

ਦਿੱਲੀ ਪੁਲਿਸ ਦੀ ਕਾਰਵਾਈ ਇਤਿਹਾਸਕਾਰ ਸੋਹੇਲ ਹਾਸ਼ਮੀ ਦੇ ਘਰ ਵੀ ਹੋਈ। ਉਨ੍ਹਾਂ ਦੀ ਭੈਣ ਅਤੇ ਸਮਾਜ ਸੇਵੀ ਸ਼ਬਨਮ ਹਾਸ਼ਮੀ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕਿਹਾ ਕਿ ਇਸ ਸਰਕਾਰ 'ਚ ਪੱਤਰਕਾਰਾਂ, ਬੁੱਧੀਜੀਵੀਆਂ, ਕਲਾਕਾਰਾਂ ਅਤੇ ਆਮ ਨਾਗਰਿਕਾਂ ਦੀ ਜਮਹੂਰੀ ਆਵਾਜ਼ ਨੂੰ ਦਬਾਉਣ ਦਾ ਸਿਲਸਿਲਾ ਬੇਰੋਕ ਜਾਰੀ ਹੈ।

ਉਨ੍ਹਾਂ ਲਿਖਿਆ, 'ਕਾਨੂੰਨੀ ਕਾਰਵਾਈ ਦੇ ਨਾਂ 'ਤੇ ਅੱਜ ਆਮ ਲੋਕਾਂ ਨੂੰ ਸਰਕਾਰ ਵੱਲੋਂ ਡਰਾਉਣ-ਧਮਕਾਉਣ, ਪ੍ਰੇਸ਼ਾਨ ਕਰਨ ਅਤੇ ਡਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਾਗਰਿਕਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਰੋਕਣ ਲਈ ਸਰਕਾਰ ਦੀਆਂ ਅਜਿਹੀਆਂ ਡਰਾਉਣੀਆਂ ਚਾਲਾਂ ਦੇ ਸਾਹਮਣੇ ਅਸੀਂ ਚੁੱਪ ਨਹੀਂ ਰਹਾਂਗੇ।

ਕਾਂਗਰਸ ਨੇਤਾ ਪਵਨ ਖੇੜਾ ਨੇ ਲਿਖਿਆ ਕਿ ਪੱਤਰਕਾਰਾਂ ਖਿਲਾਫ ਇਹ ਕਾਰਵਾਈ ਬਿਹਾਰ ਦੇ ਜਾਤੀ ਆਧਾਰਿਤ ਸਰਵੇਖਣ ਦੇ ਨਤੀਜਿਆਂ ਅਤੇ ਦੇਸ਼ ਭਰ ਵਿੱਚ ਜਾਤੀ ਜਨਗਣਨਾ ਦੀ ਵੱਧ ਰਹੀ ਮੰਗ ਤੋਂ ਧਿਆਨ ਹਟਾਉਣ ਦਾ ਇੱਕ ਨਵਾਂ ਤਰੀਕਾ ਹੈ।

ਵਿਰੋਧੀ ਧਿਰ 'ਭਾਰਤ' ਗਠਜੋੜ ਨੇ ਵੀ ਇੱਕ ਬਿਆਨ ਜਾਰੀ ਕਰਕੇ ਪੱਤਰਕਾਰਾਂ 'ਤੇ ਛਾਪੇ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਉਹ ਸੰਵਿਧਾਨ ਦੁਆਰਾ ਸੁਰੱਖਿਅਤ ਮੀਡੀਆ ਅਤੇ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਲ 'ਮਜ਼ਬੂਤੀ ਨਾਲ ਖੜ੍ਹਾ ਹੈ'।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਣੇ ਬਿਨਜਸ ਵਿੱਚ ਆਪਣੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਚੀਨ ਹੱਥੋਂ ਭਾਰਤ ਦੀ ਹਾਰ

## ਮਾਲਦੀਵ ਚੋਣਾਂ:ਚਾਈਨਾ ਅੰਦਰ ਭਾਰਤ ਬਾਹਰ

ਮਾਲਦੀਵ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਪ੍ਰੋਗਰੈਸਿਵ ਪਾਰਟੀ ਤੇ ਪੀਪਲਜ਼ ਨੈਸ਼ਨਲ ਕਾਂਗਰਸ ਦੇ ਸਾਂਝੇ ਉਮੀਦਵਾਰ ਮੁਹੰਮਦ ਮੁਈਜ਼ੂ ਨੇ ਜਿੱਤ ਪ੍ਰਾਪਤ ਕਰ ਲਈ ਹੈ। ਲੱਗਭੱਗ 1800 ਛੋਟੇ-ਵੱਡੇ ਟਾਪੂਆਂ ਵਾਲੇ ਇਸ ਦੇਸ਼ ਦੀ ਭੂਗੋਲਿਕ ਸਥਿਤੀ ਇਸ ਖਿੱਤੇ ਦੇ ਬਾਕੀ ਦੇਸ਼ਾਂ ਲਈ ਮਹੱਤਵਪੂਰਨ ਹੈ। ਖਾੜੀ ਦੇ ਦੇਸ਼ਾਂ ਵਿੱਚੋਂ ਆਉਂਦਾ ਤੇਲ ਇਸੇ ਰਾਹ ਤੋਂ ਹੋ ਕੇ ਗੁਜ਼ਰਦਾ ਹੈ।



ਭਾਰਤ ਪ੍ਰਤੀ ਉਸ ਦੇਸ਼ ਦੀ ਪਹੁੰਚ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮਾਲਦੀਵ ਦੀ ਚੋਣ ਭਾਰਤ ਦੇ ਨਾਂਅ ਉੱਤੇ ਹੀ ਲੜੀ ਗਈ ਸੀ। ਇੱਕ ਪਾਸੇ ਮਾਲਦੀਵੀਅਨ ਡੈਮੋਕ੍ਰੇਟਿਕ ਪਾਰਟੀ ਦੇ ਮੁਹੰਮਦ ਇਬਰਾਹੀਮ ਸੋਲਿਹ, ਜਿਹੜੇ 2018 ਤੋਂ ਰਾਸ਼ਟਰਪਤੀ ਹਨ, ਦਾ ਨਾਅਰਾ ਸੀ 'ਇੰਡੀਆ ਫਸਟ' ਤੇ ਦੂਜੇ ਪਾਸੇ ਚੋਣ ਜਿੱਤੇ ਮੁਹੰਮਦ ਮੁਈਜ਼ੂ ਦਾ ਨਾਅਰਾ ਸੀ 'ਇੰਡੀਆ ਆਊਟ'।

2013 ਵਿੱਚ ਯਾਮੀਨ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਮਾਲਦੀਵ ਨੇ ਚੀਨ ਨਾਲ ਸੰਬੰਧ ਵਧਾ ਲਏ। ਭਾਰਤ ਤੇ ਪੱਛਮੀ ਦੇਸ਼ਾਂ ਨੇ ਯਾਮੀਨ ਉਪਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲਾ ਕੇ ਉਸ ਨੂੰ ਕਰਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਉਸ ਨੇ ਬੀਜਿੰਗ ਦੀ ਰਾਹ ਫੜ ਲਈ, ਜਿਸ ਨੇ ਬਿਨਾਂ ਕਿਸੇ ਸ਼ਰਤ ਦੇ ਕਰਜ਼ੇ ਦੀ ਪੇਸ਼ਕਸ਼ ਕਰ ਦਿੱਤੀ। ਇਸ ਸਹਾਇਤਾ ਨਾਲ ਯਾਮੀਨ ਪ੍ਰਸ਼ਾਸਨ ਨੇ ਰਾਜਧਾਨੀ ਮਾਲੇ ਨੂੰ ਇੱਕ ਹੋਰ ਟਾਪੂ ਉੱਤੇ ਬਣੇ ਹਵਾਈ ਅੱਡੇ ਨਾਲ ਜੋੜਨ ਵਾਲਾ ਪੁਲ 20 ਕਰੋੜ ਡਾਲਰ ਨਾਲ ਉਸਾਰ ਲਿਆ। ਇਸ ਦੇ ਬਦਲੇ ਉਸ ਨੇ ਆਪਣਾ ਇੱਕ ਟਾਪੂ ਚੀਨ ਨੂੰ 50 ਸਾਲਾਂ ਦੇ ਠੇਕੇ ਉੱਤੇ 40 ਲੱਖ ਡਾਲਰ ਵਿੱਚ ਦੇ ਦਿੱਤਾ। ਇਸ ਦੇ ਨਾਲ ਹੀ ਮਾਲਦੀਵ ਚੀਨ ਦੀ ਬਹੁਪੱਖੀ ਯੋਜਨਾ 'ਵਨ ਬੈੱਲਟ, ਵਨ ਰੋਡ' ਦਾ ਹਿੱਸਾ ਬਣ ਗਿਆ।2018 ਵਿੱਚ ਮੁਹੰਮਦ ਇਬਰਾਹੀਮ ਸੋਲਿਹ ਨੇ ਚੋਣ ਜਿੱਤਣ ਤੋਂ ਬਾਅਦ ਚੀਨ ਦੀ ਥਾਂ ਭਾਰਤ ਨੂੰ ਪਹਿਲ ਦਿੱਤੀ। ਭਾਰਤ ਨੇ ਵੀ ਉਸ ਦੀ ਦਿਲ ਖੋਲ੍ਹ ਕੇ ਮਦਦ ਕੀਤੀ। ਸੜਕਾਂ, ਭੂਮੀ ਸੁਧਾਰ, ਸਾਫ਼ ਪਾਣੀ, ਇੱਕ ਬੰਦਰਗਾਹ ਆਦਿ ਯੋਜਨਾਵਾਂ ਵਿੱਚ ਨਿਵੇਸ਼ ਕਰਨ ਤੋਂ ਇਲਾਵਾ ਕੈਂਸਰ ਹਸਪਤਾਲ, ਕ੍ਰਿਕਟ ਸਟੇਡੀਅਮ ਤੇ ਇੱਕ ਮਸਜਿਦ ਦਾ ਨਵੀਨੀਕਰਨ ਆਦਿ ਵਿੱਚ ਮਦਦ ਕੀਤੀ। ਅਨੁਮਾਨ ਹੈ ਕਿ 2018 ਤੋਂ 2022 ਤੱਕ ਭਾਰਤ ਨੇ ਮਾਲਦੀਵ ਨੂੰ ਲੱਗਭੱਗ 1100 ਕਰੋੜ ਰੁਪਏ ਤੋਂ ਵੱਧ ਦੀ ਸਹਾਇਤਾ ਕੀਤੀ ਸੀ।

ਇਸ ਦੇ ਬਾਵਜੂਦ ਮਾਲਦੀਵ ਵਿੱਚ ਭਾਰਤ ਵਿਰੋਧੀ ਭਾਵਨਾਵਾਂ ਏਨੀਆਂ ਤੇਜ਼ ਕਿਉਂ ਹੋ ਗਈਆਂ ਕਿ ਚੋਣਾਂ ਦਾ ਮੁੱਖ ਮੁੱਦਾ ਹੀ 'ਚੀਨ ਅੰਦਰ' ਤੇ 'ਭਾਰਤ ਬਾਹਰ' ਬਣ ਗਿਆ। ਭਾਰਤ ਤੇ ਮਾਲਦੀਵ ਵਿਚਾਲੇ ਪਿਛਲੇ ਸਾਲ 50 ਕਰੋੜ ਦਾ ਵਪਾਰ ਹੋਇਆ ਸੀ, ਜਿਸ ਵਿੱਚੋਂ ਭਾਰਤ ਨੇ 49.5 ਕਰੋੜ ਦਾ ਮਾਲ ਭੇਜਿਆ ਤੇ ਥੋੜ੍ਹੀ ਜਿਹੀ ਦਰਾਮਦ ਕੀਤੀ ਸੀ। ਉਥੋਂ ਦੇ ਲੋਕ ਇਸ ਨੂੰ ਅਸਾਵਾਂ ਵਪਾਰ ਕਹਿੰਦੇ ਹਨ, ਜੋ ਸੱਚ ਵੀ ਹੈ। ਭਾਰਤ ਨੇ ਮਾਲਦੀਵ ਨੂੰ 2010 ਤੇ 2013 ਵਿੱਚ ਦੋ ਹੈਲੀਕਾਪਟਰ ਦਿੱਤੇ ਸਨ। 2020 ਵਿੱਚ ਇੱਕ ਛੋਟਾ ਹਵਾਈ ਜਹਾਜ਼ ਵੀ ਗਿਫਟ ਕਰ ਦਿੱਤਾ ਸੀ। ਇਸ ਦੇ ਨਾਲ ਹੀ ਇਸ ਹਵਾਈ ਜਹਾਜ਼ ਦੇ ਰੱਖ-ਰਖਾਅ ਲਈ 75 ਫ਼ੌਜੀ ਭੇਜ ਦਿੱਤੇ ਸਨ। ਇਸ ਘਟਨਾ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਇਨ੍ਹਾਂ ਫੌਜੀਆਂ ਨੂੰ ਕੱਢਣ ਲਈ 'ਇੰਡੀਆ ਆਊਟ' ਦਾ ਨਾਅਰਾ ਦੇ ਦਿੱਤਾ। ਇਸ ਤੋਂ ਇਲਾਵਾ ਮਾਲਦੀਵ ਲੱਗਭੱਗ ਸੌ ਫੀਸਦੀ ਮੁਸਲਿਮ ਅਬਾਦੀ ਵਾਲਾ ਦੇਸ਼ ਹੈ। ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਭਾਰਤ ਅੰਦਰ ਮੁਸਲਮਾਨਾਂ ਵਿਰੁੱਧ ਨਫ਼ਰਤ ਦੀਆਂ ਘਟਨਾਵਾਂ ਦਾ ਅਸਰ ਸਮੁੱਚੇ ਵਿਸ਼ਵ ਵਿਚਲੇ ਮੁਸਲਮਾਨਾਂ ਉੱਤੇ ਪੈਣਾ ਲਾਜ਼ਮੀ ਹੈ। ਇਸ ਲਈ 'ਭਾਰਤ ਆਊਟ' ਵਾਲਿਆਂ ਦੇ ਜਿੱਤਣ ਤੋਂ ਹੈਰਾਨੀ ਨਹੀਂ ਹੋਣੀ ਚਾਹੀਦੀ।ਮੁਹੰਮਦ ਮੁਈਜ਼ੂ ਨੇ ਨਵੰਬਰ ਵਿੱਚ ਅਹੁਦਾ ਸੰਭਾਲਣਾ ਹੈ। ਉਨ੍ਹਾ ਕਿਹਾ ਹੈ ਕਿ ਉਨ੍ਹਾ ਦੀ ਸਰਕਾਰ ਦੇ ਪਹਿਲੇ ਦਿਨ ਤੋਂ ਹੀ ਭਾਰਤੀ ਫੌਜੀਆਂ ਦੀ ਵਾਪਸੀ ਸ਼ੁਰੂ ਹੋ ਜਾਵੇਗੀ। ਉਨ੍ਹਾ ਇਹ ਵੀ ਧਮਕੀ ਦਿੱਤੀ ਹੈ ਕਿ ਜਿਹੜੇ ਵਿਦੇਸ਼ੀ ਸਮਝੌਤੇ ਉਨ੍ਹਾ ਦੇ ਦੇਸ਼ ਲਈ ਲਾਭਦਾਇਕ ਨਹੀਂ ਹੋਣਗੇ, ਉਹ ਰੱਦ ਕਰ ਦਿੱਤੇ ਜਾਣਗੇ ਤੇ ਵਿਦੇਸ਼ੀ ਕੰਪਨੀਆਂ ਨੂੰ ਬਾਹਰ ਕੱਢ ਦੇਣਗੇ। ਉਨ੍ਹਾ ਚੀਨੀ ਯੋਜਨਾਵਾਂ ਲਿਆਉਣ ਲਈ ਸਾਬਕਾ ਰਾਸ਼ਟਰਪਤੀ ਯਾਮੀਨ ਦੀ ਤਾਰੀਫ਼ ਕੀਤੀ ਹੈ। ਉਨ੍ਹਾ ਕਿਹਾ ਯਾਮੀਨ ਦੀ ਸਰਕਾਰ ਨੇ ਚੀਨ ਨਾਲ ਨੇੜਲੇ ਸੰਬੰਧ ਬਣਾਏ ਸਨ, ਜੋ ਸਾਡੇ ਦੇਸ਼ ਦੇ ਹਿੱਤ ਵਿੱਚ ਹਨ। ਉਸ ਦੇਸ਼ ਨੇ ਸਾਡੀਆਂ ਹੱਦਾਂ ਨਹੀਂ ਉਲੰਘੀਆਂ ਤੇ ਸਾਡੀ ਅਜ਼ਾਦੀ ਵਿੱਚ ਦਖ਼ਲ ਨਹੀਂ ਦਿੱਤਾ।ਮਾਲਦੀਵ ਵਿੱਚ ਅਗਲੇ ਮਹੀਨੇ ਸੰਵਿਧਾਨ ਲਈ ਵੋਟਾਂ ਪੈਣਗੀਆਂ। ਇਨ੍ਹਾਂ ਵਿੱਚ ਵੋਟਰ ਫੈਸਲਾ ਕਰਨਗੇ ਕਿ ਦੇਸ਼ ਵਿੱਚ ਰਾਸ਼ਟਰਪਤੀ ਪ੍ਰਣਾਲੀ ਰਹੇ ਜਾਂ ਪਾਰਲੀਮੈਂਟਰੀ ਸਿਸਟਮ ਸ਼ੁਰੂ ਹੋਵੇ। ਮੁਹੰਮਦ ਨਸ਼ੀਦ ਦੀ ਲੰਮੇ ਸਮੇਂ ਤੋਂ ਮੰਗ ਰਹੀ ਹੈ ਕਿ ਦੇਸ਼ ਵਿੱਚ ਪਾਰਲੀਮੈਂਟਰੀ ਸਿਸਟਮ ਲਾਗੂ ਕੀਤਾ ਜਾਵੇ। ਯਾਦ ਰਹੇ ਕਿ ਮੁਹੰਮਦ ਨਸ਼ੀਦ ਇਸ ਸਮੇਂ ਜੇਲ ਵਿੱਚ ਹੈ ਤੇ ਉਸ ਉੱਤੇ ਚੋਣ ਲੜਨ ਦੀ ਪਾਬੰਦੀ ਹੈ। ਇਸ ਦੇ ਬਾਵਜੂਦ ਚੋਣਾਂ ਵਿੱਚ ਜਿੱਤ ਨੂੰ ਉਸੇ ਦੀ ਜਿੱਤ ਸਮਝਿਆ ਜਾ ਰਿਹਾ ਹੈ।ਸਾਡੇ ਭਾਰਤੀ ਹਾਕਮਾਂ ਉੱਤੇ ਪਸਾਰਵਾਦ ਦਾ ਏਨਾ ਭੂਤ ਸਵਾਰ ਹੈ ਕਿ ਉਹ ਆਪਣੇ ਮਿੱਤਰਾਂ ਤੋਂ ਵੀ ਦੂਰ ਹੁੰਦਾ ਜਾ ਰਿਹਾ ਹੈ। ਚੋਣ ਤੋਂ ਬੜਾ ਚਿਰ ਪਹਿਲਾਂ ਇਹ ਕਨਸੋਆਂ ਆ ਰਹੀਆਂ ਸਨ ਕਿ ਮਾਲਦੀਵ ਵਿੱਚ ਭਾਰਤ ਵਿਰੋਧੀ ਭਾਵਨਾਵਾਂ ਜ਼ੋਰ ਫੜ ਰਹੀਆਂ ਹਨ, ਪਰ ਸਾਡੇ ਹਾਕਮ ਸੁੱਤੇ ਰਹੇ।

--ਚੰਦ ਫਤਿਹਪੁਰੀ ਨਵਾਂ ਜ਼ਮਾਨਾ


# ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ


11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*5 ਅਕਤੂਬਰ ਦਿਨ ਵੀਰਵਾਰ ਮੱਲ੍ਹੀ ਪਰਿਵਾਰ ਵੱਲੋਂ ਸਹਿਜਪਾਠ ਆਰੰਭ ਹੋਣਗੇ

*7 ਅਕਤੂਬਰ ਦਿਨ ਸ਼ਨਿਚਰਵਾਰ ਰਾਜਵੀਰ ਸਿੰਘ ਚਾਹਲ ਦੇ ਬੱਚੇ ਦਾ ਅੰਤਮ ਸਸਕਾਰ ਹੋਵੇਗਾ ਅਤੇ ਅੰਤਮ ਅਰਦਾਸ 3 ਵਜੇ ਹੋਵੇਗੀ।

*8 ਅਕਤੂਬਰ ਦਿਨ ਐਤਵਾਰ ਹਫਤਾਵਾਰੀ ਦੀਵਾਨ ਸਜਣਗੇ। ਸਹਿਜਪਾਠ ਦੇ ਭੋਗ ਪਾਏ ਜਾਣਗੇ ਤੇ ਕੀਰਤਨ ਦਰਬਾਰ ਸਜਣਗੇ। 10-12 ਵਜੇ ਤੱਕ ਗੁਰੂਘਰ ਦੇ ਸ਼ਰਧਾਲੂ ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।



**ਰਾਗੀ ਜੱਥੇ**
ਭਾਈ ਅਵਤਾਰ ਸਿੰਘ ਜੀ ਦਾ ਜਥਾ

**ਕਥਾਵਾਚਕ**
ਭਾਈ ਪ੍ਰਮਜੀਤ ਸਿੰਘ ਫਗਵਾੜੇ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ

ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121    ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਸਿੱਖਾਂ ਨੇ ਲੰਡਨ ‘ਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਪ੍ਰਦਰਸ਼ਨ ਕੀਤਾ

ਲੰਡਨ: ਸਿੱਖਾਂ ਨੇ 2 ਅਕਤੂਬਰ ਨੂੰ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਪੰਜਾਬ ਦੀ ਅਜ਼ਾਦੀ ਲਈ ਭਾਰਤੀ ਹਕੂਮਤ ਵਿਰੁੱਧ ਪ੍ਰਦਰਸ਼ਨ ਕੀਤਾ। ਬ੍ਰਿਟਿਸ਼ ਸੁਰੱਖਿਆ ਬਲਾਂ ਨੂੰ ਇੰਡੀਆਂ ਹਾਊਸ ਦੇ ਬਾਹਰ ਤਾਇਨਾਤ ਕੀਤਾ ਗਿਆ ਸੀ ਅਤੇ ਪ੍ਰਦਰਸ਼ਨਕਾਰੀਆਂ ਨੂੰ ਹਾਈ ਕਮਿਸ਼ਨ ਸਾਹਮਣੇਂ ਸੜਕ ਦੇ ਖੜ੍ਹਾ ਹੋਣ ਦਿੱਤਾ ਗਿਆ ਸੀ। ਯੂਕੇ ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੂੰ ਖਾਲਿਸਤਾਨੀ ਮੈਂਬਰਾਂ ਵੱਲੋਂ ਸਕਾਟਲੈਂਡ ਦੇ ਗਲਾਸਗੋ ਵਿੱਚ ਇੱਕ ਗੁਰਦੁਆਰੇ ਵਿੱਚ ਦਾਖਲ ਹੋਣ ਤੋਂ ਰੋਕਣ ਤੋਂ ਕੁਝ ਦਿਨ ਬਾਅਦ ਹੀ ਇਹ ਵਿਰੋਧ ਪ੍ਰਦਰਸ਼ਨ ਹੋਇਆ। ਪ੍ਰਦਰਸ਼ਨਕਾਰੀ ਭਾਰਤੀ ਪੰਜਾਬ ‘ਚ ਸਿੱਖਾਂ ‘ਤੇ ਹੋ ਰਹੇ ਅੱਤਿਆਚਾਰ ਅਤੇ ਭਾਰਤੀ ਰਾਜਕੀ ਅੱਤਵਾਦ ਵਿਰੁੱਧ ਨਾਅਰੇਬਾਜ਼ੀ ਕਰ ਰਹੇ ਸਨ।



## ਨਾਂਦੇੜ ਦੇ ਸਰਕਾਰੀ ਹਸਪਤਾਲ ਵਿਚ 48 ਘੰਟਿਆਂ ਦੌਰਾਨ 16 ਬੱਚਿਆਂ ਸਮੇਤ 31 ਮਰੀਜ਼ਾਂ ਦੀ ਮੌਤ

ਨਾਦੇੜ: ਮਹਾਰਾਸ਼ਟਰ ਦੇ ਨਾਦੇੜ ਦੇ ਸਰਕਾਰੀ ਹਸਪਤਾਲ ਵਿੱਚ ਬੀਤੀ ਦੇਰ ਰਾਤ ਸੱਤ ਹੋਰ ਮਰੀਜ਼ਾਂ ਦੀ ਮੌਤ ਹੋ ਗਈ। ਇਨ੍ਹਾਂ ‘ਚ ਚਾਰ ਬੱਚੇ ਵੀ ਦੱਸੇ ਜਾ ਰਹੇ ਹਨ। ਕੱਲ੍ਹ ਖ਼ਬਰ ਆਈ ਸੀ ਕਿ ਹਸਪਤਾਲ ਵਿੱਚ 24 ਘੰਟਿਆਂ ਵਿੱਚ 24 ਜਣਿਆਂ ਦੀ ਮੌਤ ਹੋ ਗਈ ਹੈ। 48 ਘੰਟਿਆਂ ਬਾਅਦ ਸ਼ੰਕਰ ਰਾਓ ਚੌਹਾਨ ਸਰਕਾਰੀ ਹਸਪਤਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ 31 ਹੋ ਗਈ ਹੈ। ਇਨ੍ਹਾਂ 31 ਮਰੀਜ਼ਾਂ ਵਿੱਚੋਂ 16 ਬੱਚੇ ਸਨ। ਇਸ ਤੋਂ ਬਾਅਦ ਸੂਬੇ ‘ਚ ਹੜਕੰਪ ਮਚ ਗਿਆ ਹੈ। ਮਹਾਂਰਾਸ਼ਟਰ ਦੇ ਮੈਡੀਕਲ ਸਿੱਖਿਆ ਮੰਤਰੀ ਹਸਨ ਮੁਸ਼ਰਿਫ ਨੇ ਕਿਹਾ ਕਿ ਅਸੀਂ ਪੂਰੀ ਜਾਂਚ ਕਰਾਂਗੇ। ਮੈਂ ਇਸ ਸਬੰਧ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਸੂਚਿਤ ਕਰ ਦਿੱਤਾ ਹੈ। ਹਸਪਤਾਲ ਦਾ ਦੌਰਾ ਕਰਾਂਗਾ ਅਤੇ ਡਾਕਟਰਾਂ ਦੀ ਕਮੇਟੀ ਵੀ ਬਣਾਈ ਜਾਵੇਗੀ। ਦੂਜੇ ਪਾਸੇ ਡਾਕਟਰ ਸ਼ੰਕਰ ਰਾਓ ਚਵਾਨ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਹੋਈਆਂ ਮੌਤਾਂ ਨੂੰ ਲੈ ਕੇ ਵਿਰੋਧੀ ਧਿਰ ਭਾਜਪਾ ਸਰਕਾਰ ‘ਤੇ ਹਮਲਾ ਬੋਲ ਰਹੀ ਹੈ।

ਸ਼ਿਵ ਸੈਨਾ (ਯੂਬੀਟੀ) ਦੇ ਰਾਜ ਸਭਾ ਮੈਂਬਰ ਸੰਜੇ ਰਾਉਤ ਨੇ ਕਿਹਾ ਕਿ ਮਹਾਰਾਸ਼ਟਰ ਦੀ ਸਿਹਤ ਦੀ ਹਾਲਤ ਹਮੇਸ਼ਾ ਬਿਹਤਰ ਰਹੀ ਹੈ ਪਰ ਪਿਛਲੇ ਇੱਕ ਸਾਲ ਵਿੱਚ ਇੱਕ ਤਰ੍ਹਾਂ ਨਾਲ ਮਹਾਰਾਸ਼ਟਰ ਦੇ ਸਾਰੇ ਸਰਕਾਰੀ ਵਿਭਾਗਾਂ ਦੀ ਹਾਲਤ ਖ਼ਰਾਬ ਹੈ। ਇਸ ਦੀ ਨਾ ਤਾਂ ਸਿਹਤ ਮੰਤਰੀ ਨੂੰ ਚਿੰਤਾ ਹੈ ਅਤੇ ਨਾ ਹੀ ਡਾਕਟਰ ਆਪਣਾ ਕੰਮ ਕਰ ਰਹੇ ਹਨ। ਕਿਸੇ ਦਾ ਕੋਈ ਕੰਟਰੋਲ ਨਹੀਂ ਹੈ। ਸਿਹਤ ਵਿਭਾਗ ਮਹਾਰਾਸ਼ਟਰ ਦਾ ਸਭ ਤੋਂ ਅਣਗੌਲਿਆ ਵਿਭਾਗ ਹੈ।


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ: 604-897-5750



ਇੰਮੀਗਰੇਸ਼ਨ ਸਬੰਧੀ ਤਸੱਲੀਬਖ਼ਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



The Builder's Direct

Experienced & Honest


Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Parminder Singh: 604-787-7838

604-593-7755

12652-82 Ave, Surrey BC

# ਮੈਨੂੰ ਕੋਈ ਵੋਟ ਪਾਵੇ ਜਾਂ ਨਾ, ਮੈਂ ਪ੍ਰਚਾਰ ਨਹੀਂ ਕਰਾਂਗਾ:ਗਡਕਰੀ

ਨਵੀਂ ਦਿੱਲੀ:- ਕੇਂਦਰੀ ਸੜਕ ਅਤੇ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਅਕਸਰ ਆਪਣੇ ਬਿਆਨਾਂ ਨੂੰ ਲੈ ਕੇ ਸੁਰਖੀਆਂ 'ਚ ਰਹਿੰਦੇ ਹਨ।

ਹੁਣ ਲੋਕ ਸਭਾ ਚੋਣਾਂ ਨੂੰ ਲੈ ਕੇ ਨਿਤਿਨ ਗਡਕਰੀ ਵੱਲੋਂ ਵੱਡਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਨਾ ਤਾਂ ਪ੍ਰਚਾਰ ਕਰਨਗੇ ਅਤੇ ਨਾ ਹੀ ਪੋਸਟਰ ਲਗਾਉਣਗੇ। ਜਿਸ ਨੇ ਵੋਟ ਪਾਉਣੀ ਹੈ ਉਹ ਵੋਟ ਪਾਵੇ, ਜਿਸਨੇ ਵੋਟ ਨਹੀਂ ਪਾਉਣੀ ਉਹ ਨਾ ਪਾਵੇ। ਦਰਅਸਲ, ਨਿਤਿਨ ਨੇ ਇੱਕ ਪ੍ਰੋਗਰਾਮ ਵਿੱਚ ਹਿੱਸਾ ਲਿਆ ਸੀ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਨਾ ਤਾਂ ਆਪਣੇ ਸੰਸਦੀ ਖੇਤਰ ਵਿੱਚ ਪ੍ਰਚਾਰ ਕਰਨਗੇ ਅਤੇ ਨਾ ਹੀ ਪੋਸਟਰ ਲਗਾਉਣਗੇ। ਗਡਕਰੀ ਨੇ ਅੱਗੇ ਕਿਹਾ ਕਿ ਮੈਂ ਨਾ ਤਾਂ ਖਾਵਾਂਗਾ ਅਤੇ ਨਾ ਹੀ ਕਿਸੇ ਨੂੰ ਖਾਣ ਦਿਆਂਗਾ। ਉਨ੍ਹਾਂ ਕਿਹਾ ਕਿ ਮੈਂ ਲੋਕ ਸਭਾ ਚੋਣਾਂ ਵਿੱਚ ਬੈਨਰ ਅਤੇ ਪੋਸਟਰ ਨਾ ਲਗਾਉਣ ਦਾ ਫੈਸਲਾ ਕੀਤਾ ਹੈ। ਨਿਤਿਨ ਗਡਕਰੀ ਨੇ ਕਿਹਾ ਕਿ ਚਾਹ-ਪਾਣੀ ਵੀ ਨਹੀਂ ਦੇਵਾਂਗੇ, ਵੋਟ ਪਾਉਣੀ ਹੈ ਤਾਂ ਵੋਟ ਪਾਓ, ਨਹੀਂ ਤਾਂ ਵੋਟ ਨਾ ਪਾਓ।



ਤੁਹਾਨੂੰ ਮਾਲ ਅਤੇ ਪਾਣੀ ਵੀ ਨਹੀਂ ਮਿਲੇਗਾ। ਲਕਸ਼ਮੀ ਦੇ ਦਰਸ਼ਨ ਨਹੀਂ ਹੋਣਗੇ। ਮੈਂ ਨਾ ਹੀ ਪੈਸੇ ਖਾਵਾਂਗਾ ਅਤੇ ਨਾ ਹੀ ਤੁਹਾਨੂੰ ਖਾਣ ਦੇਵਾਂਗਾ।ਉਨਾ ਕਿਹਾ ਲੋਕ ਸਮਝਦਾਰ ਹੋ ਗਏ ਹਨ, ਪਰ ਕਈ ਲੋਕ ਸਮਝਦੇ ਹਨ ਪੋਸਟਰ ਲਾ ਕੇ ਪੈਸੇ ਖਰਚਕੇ ਚੋਣਾਂ ਜਿੱਤੀਆਂ ਜਾਂਦੀਆਂ ਹਨ ਪਰ ਮੈਂ ਸਮਝਦਾ ਲੋਕ ਤੁਹਾਡਾ ਕੰਮ ਦੇਖਦੇ ਹਨ।

# ਭਾਜਪਾ ਨੂੰ ਅਗਲੇ 10 ਸਾਲਾਂ ਤੱਕ ਮੀਆਂ ਵੋਟਾਂ ਦੀ ਲੋੜ ਨਹੀਂ:ਅਸਾਮ ਦੇ ਮੁੱਖ ਮੰਤਰੀ



ਨਵੀਂ ਦਿੱਲੀ: ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸ਼ਰਮਾ ਨੇ ਐਤਵਾਰ (1 ਅਕਤੂਬਰ) ਨੂੰ ਕਿਹਾ ਕਿ ਭਾਜਪਾ ਨੂੰ ਅਗਲੇ 10 ਸਾਲਾਂ ਤੱਕ 'ਮੀਆਂ (ਮੁਸਲਮਾਨ)' ਲੋਕਾਂ ਦੀਆਂ ਵੋਟਾਂ ਦੀ ਲੋੜ ਨਹੀਂ ਹੈ।ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਮੁਤਾਬਕ ਉਨ੍ਹਾਂ ਕਿਹਾ, 'ਭਾਜਪਾ ਲੋਕ ਭਲਾਈ ਦੇ ਕੰਮ ਕਰੇਗੀ ਪਰ ਉਨ੍ਹਾਂ ਨੂੰ ਸਾਨੂੰ ਵੋਟ ਪਾਉਣ ਦੀ ਲੋੜ ਨਹੀਂ ਹੈ। ਸਾਡਾ ਸਮਰਥਨ ਕਰਨ ਵਿੱਚ ਕੋਈ ਹਰਜ਼ ਨਹੀਂ ਹੈ। ਉਨ੍ਹਾਂ ਨੂੰ ਹਿਮੰਤ ਬਿਸਵਾ ਸ਼ਰਮਾ, ਨਰਿੰਦਰ ਮੋਦੀ ਅਤੇ ਭਾਜਪਾ ਲਈ 'ਜ਼ਿੰਦਾਬਾਦ' ਦੇ ਨਾਅਰੇ ਲਗਾਉਣ ਦਿਓ।'ਮੀਆ' ਅਸਲ ਵਿੱਚ ਅਸਾਮ ਵਿੱਚ ਬੰਗਾਲੀ ਮੂਲ ਦੇ ਮੁਸਲਮਾਨਾਂ ਦਾ ਵਰਣਨ ਕਰਨ ਲਈ ਵਰਤਿਆ ਜਾਣ ਵਾਲਾ ਅਪਮਾਨਜਨਕ ਸ਼ਬਦ ਹੈ। ਉਨ੍ਹਾਂ ਨੂੰ ਜਾਤੀ ਅਤੇ ਧਾਰਮਿਕ ਆਧਾਰ 'ਤੇ ਹਿੰਦੂ ਵਰਗ ਦੁਆਰਾ ਕਈ ਵਾਰ ਨਿਸ਼ਾਨਾ ਬਣਾਇਆ ਗਿਆ ਹੈ।ਮੁੱਖ ਮੰਤਰੀ ਨੇ ਕਿਹਾ, 'ਜਦੋਂ ਚੋਣਾਂ ਆਉਣਗੀਆਂ, ਮੈਂ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਬੇਨਤੀ ਕਰਾਂਗਾ ਕਿ ਉਹ ਸਾਨੂੰ ਵੋਟ ਨਾ ਪਾਉਣ। ਜਦੋਂ ਤੁਸੀਂ ਪਰਿਵਾਰ ਨਿਯੋਜਨ ਦੀ ਪਾਲਣਾ ਕਰੋਗੇ, ਬਾਲ ਵਿਆਹ ਬੰਦ ਕਰੋਗੇ ਅਤੇ ਕੱਟੜਵਾਦ ਨੂੰ ਤਿਆਗ ਦਿਓਗੇ, ਤਾਂ ਤੁਸੀਂ ਸਾਨੂੰ ਵੋਟ ਦੇਵੋਗੇ।ਮੁੱਖ ਮੰਤਰੀ ਨੇ ਕਿਹਾ, 'ਇਨ੍ਹਾਂ ਨੂੰ ਪੂਰਾ ਕਰਨ ਲਈ 10 ਸਾਲ ਲੱਗਣਗੇ। ਅਸੀਂ ਹੁਣ ਨਹੀਂ ਸਗੋਂ 10 ਸਾਲ ਬਾਅਦ ਵੋਟਾਂ ਮੰਗਾਂਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਅਤੇ ਭਾਜਪਾ ਦੇ ਹੱਕ ਵਿੱਚ ਵੋਟ ਪਾਉਣ ਵਾਲਿਆਂ ਦੇ ਦੋ ਜਾਂ ਤਿੰਨ ਤੋਂ ਵੱਧ ਬੱਚੇ ਨਹੀਂ ਹੋਣੇ ਚਾਹੀਦੇ, ਆਪਣੀਆਂ ਧੀਆਂ ਨੂੰ ਸਕੂਲ ਭੇਜਣਾ ਚਾਹੀਦਾ ਹੈ, ਬਾਲ ਵਿਆਹ ਨਹੀਂ ਕਰਨਾ ਚਾਹੀਦਾ ਅਤੇ ਕੱਟੜਵਾਦ ਨੂੰ ਤਿਆਗ ਕੇ ਸੂਫ਼ੀਵਾਦ ਨੂੰ ਅਪਣਾਉਣਾ ਚਾਹੀਦਾ ਹੈ।

# 300 ਕਰੋੜ ਦੀ ਕੋਕੀਨ ਸਣੇ ਪੰਜਾਬ ਦੇ ਦੋ ਵਸਨੀਕ ਗ੍ਰਿਫ਼ਤਾਰ

ਬਨੀਹਾਲ:-ਜੰਮੂ ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿੱਚ ਅੱਜ ਇਕ ਵਾਹਨ 'ਚੋਂ ਪੁਲੀਸ ਨੇ 30 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ ਜਿਸ ਦੀ ਕੌਮਾਂਤਰੀ ਬਾਜ਼ਾਰ ਵਿੱਚ ਕੀਮਤ 300 ਕਰੋੜ ਰੁਪਏ ਹੈ। ਇਸ ਸਬੰਧ ਵਿੱਚ ਪੁਲੀਸ ਨੇ ਪੰਜਾਬ ਦੇ ਦੋ ਵਸਨੀਕਾਂ ਨੂੰ ਕਾਬੂ ਕੀਤਾ ਹੈ ਜਿਨ੍ਹਾਂ ਦੀ ਪਛਾਣ ਜਲੰਧਰ ਦੇ ਰਹਿਣ ਵਾਲੇ ਸਰਬਜੀਤ ਸਿੰਘ ਅਤੇ ਫਗਵਾੜਾ ਦੇ ਰਹਿਣ ਵਾਲੇ ਹਨੀ ਬਸਰਾ ਵਜੋਂ ਹੋਈ ਹੈ। ਇਹ ਜਾਣਕਾਰੀ ਦਿੰਦਿਆਂ ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਇਸ ਗ੍ਰਿਫ਼ਤਾਰੀ ਨਾਲ ਨਸ਼ਿਆਂ ਦੇ ਅਤਵਿਾਦ ਵਿੱਚ ਸ਼ਾਮਲ ਇਕ ਗਰੋਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਸ਼ਨਿਚਰਵਾਰ ਰਾਤ ਨੂੰ ਹੋਈ ਇਹ ਬਰਾਮਦਗੀ ਜੰਮੂ-ਸ੍ਰੀਨਗਰ ਕੌਮੀ ਮਾਰਗ ਦੇ ਨਾਲ ਲੱਗਦੇ ਬਨੀਹਾਲ ਖੇਤਰ 'ਚੋਂ ਕੀਤੀ ਗਈ ਹੈ ਤੇ ਇਸ ਸਾਲ ਦੀ ਸਭ ਤੋਂ ਵੱਡੀ ਬਰਾਮਦਗੀ ਹੈ। ਮੁਲਜ਼ਮਾਂ ਨੇ 27 ਕਿੱਲੋ ਕੋਕੀਨ ਬੈਗਾਂ ਵਿੱਚ ਭਰੀ ਹੋਈ ਸੀ ਜਦਕਿ ਤਿੰਨ ਕਿੱਲੋ ਕੋਕੀਨ ਵਾਹਨ ਦੀ ਛੱਤ 'ਤੇ ਛੁਪਾਈ ਹੋਈ ਸੀ।

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads

Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਭਾਰਤ ਦੀ ਸਿੱਖ ਵਿਰੋਧੀ ਰਣਨੀਤੀ ਅਤੇ ਸਿੱਖ ਕੌਮ ਵੱਲੋਂ ਆਪਣੇ ਕਦਮਾਂ ਦੀ ਪਛਾਣ ਕਰਨਾ

ਅੰਮ੍ਰਿਤਸਰ: ਪੰਥ ਸੇਵਕ ਸਮੂਹ ਨੇ ਇੱਕ ਅਹਿਮ ਸਾਂਝਾ ਬਿਆਨ ਜਾਰੀ ਕੀਤਾ ਹੈ। ਬਿਆਨ ਵਿੱਚ ਉਨਾ ਕਿਹਾ ਕਿ ਸਿੱਖ ਇਸ ਸਮੇਂ ਮਹੱਤਵਪੂਰਨ ਚੁਣੌਤੀਆਂ ਦੇ ਨਾਲ-ਨਾਲ ਗੰਭੀਰ ਸਥਿਤੀ ਦਾ ਸਾਹਮਣਾ ਕਰ ਰਹੇ ਹਨ। ਅੱਜ ਸਾਡੇ ਆਲੇ-ਦੁਆਲੇ ਜੋ ਕੁਝ ਵੀ ਵਾਪਰ ਰਿਹਾ ਹੈ, ਉਹ ਗੁਰੂ ਸਾਹਿਬ ਦੀ ਕਲਾ (ਰਹੱਸਵਾਦੀ ਰਹਿਮਤ) ਅਤੇ ਖਾਲਸਾ ਜੀ ਦੇ ਸਿਮਰਨ, ਅਰਦਾਸ, ਸੰਘਰਸ਼, ਸ਼ਹਾਦਤ ਅਤੇ ਸਿਦਕ ਦੀ ਬਦੌਲਤ ਹੈ। ਇਹ ਗੁਰੂ ਸਾਹਿਬ ਦੇ ਸਮਰਥਨ ਅਤੇ ਸਿਧਾਂਤ (ਸਿਧਾਂਤਾਂ) ਦੁਆਰਾ ਹੀ ਹੈ ਕਿ ਸਿੱਖਾਂ ਨੇ ਇੱਕ ਵਾਰ ਫਿਰ ਵਿਸ਼ਾਲ ਖੇਤਰ ਵਿੱਚ ਪ੍ਰਮੁੱਖਤਾ ਪ੍ਰਾਪਤ ਕੀਤੀ ਹੈ, ਖਾਸ ਕਰਕੇ ਮਹਾਂਮਾਰੀ ਦੌਰਾਨ ਕੀਤੇ ਗਏ ਨਿਰਸਵਾਰਥ ਕਾਰਨਾਮੇ ਅਤੇ ਕਿਸਾਨ ਅੰਦੋਲਨ (ਲਹਿਰ) ਦੌਰਾਨ ਲਾਮਬੰਦ ਹੋਏ ਸਮੂਹਿਕ ਸੰਘਰਸ਼ ਵਿੱਚ ਸਾਡੀ ਨਿਰਣਾਇਕ ਭੂਮਿਕਾ ਤੋਂ ਬਾਅਦ,ਇਸ ਸਥਿਤੀ ਵਿੱਚ ਸਾਡੀ ਭਾਰੀ ਪ੍ਰੀਖਿਆ ਹੋਵੇਗੀ, ਨਤੀਜੇ ਵਜੋਂ ਮੌਕੇ ਦੇ ਦਰਵਾਜ਼ੇ ਵੀ ਖੁੱਲ੍ਹੇ ਹਨ।

ਭਾਰਤ ਦੇ ਬਿਪਰਵਾਦੀ ਸ਼ਾਸਕ ਇਸ ਸਮਰੱਥਾ ਅਤੇ ਤਾਕਤ ਤੋਂ ਡਰੇ ਹੋਏ ਹਨ, ਇਸ ਲਈ ਉਹ ਸਾਡੀ ਸਾਖ ਅਤੇ ਸਮੂਹਿਕ ਸਮਰੱਥਾ ਨੂੰ ਕਮਜ਼ੋਰ ਕਰਨ ਲਈ ਬਹੁਤ ਜ਼ਿਆਦਾ ਕੰਮ ਕਰ ਰਹੇ ਹਨ। ਅਸੀਂ ਇਸ ਸਾਲ ਮਾਰਚ ਵਿੱਚ ਸਿੱਖ ਨੌਜ਼ਵਾਨਾਂ ਦੀਆਂ ਗ੍ਰਿਫਤਾਰੀਆਂ ਦੀ ਲਹਿਰ, ਸਿੱਖ ਅਤੇ ਪੰਜਾਬੀ ਮੀਡੀਆ ਆਊਟਲੈਟਾਂ 'ਤੇ ਚੱਲ ਰਹੀ ਸੈਂਸਰਸ਼ਿਪ ਅਤੇ ਭਾਰਤੀ ਮੀਡੀਆ (ਭਾਵ ਪ੍ਰਚਾਰ) ਦੁਆਰਾ ਫੈਲਾਈ ਗਈ ਤਿੱਖੀ ਮਾਨਸਿਕਤਾ ਦੇ ਦੌਰਾਨ ਇਹ ਸਪੱਸ਼ਟ ਤੌਰ 'ਤੇ ਦੇਖਿਆ ਹੈ। ਵਿਦੇਸ਼ਾਂ ਵਿੱਚ ਖਾਲਿਸਤਾਨੀ ਆਗੂਆਂ ਅਤੇ ਸਿੱਖ ਅਜ਼ਾਦੀ ਲਈ ਵਚਨਬੱਧ ਲੋਕਾਂ ਦੇ ਨਿਸ਼ਾਨਾ ਬਣਾ ਕੇ ਕੀਤੇ ਗਏ ਕਤਲ ਭਾਰਤ ਦੀ ਸਿੱਖ ਵਿਰੋਧੀ ਰਣਨੀਤੀ ਦਾ ਅਗਲਾ ਪੜਾਅ ਉਜਾਗਰ ਹੋ ਗਿਆ ਹੈ।ਦਿੱਲੀ ਦਰਬਾਰ (ਗੱਦੀ) ਦੇ ਹੰਕਾਰੀ ਹਾਕਮਾਂ ਨੇ ਉੱਘੇ ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ 'ਤੇ ਹਮਲਾ ਕਰਕੇ ਕਤਲ ਕਰ ਦਿੱਤਾ। ਕੈਨੇਡਾ ਦੇ ਪ੍ਰਧਾਨ ਮੰਤਰੀ ਦੁਆਰਾ ਬਾਅਦ ਵਿੱਚ ਕੀਤੇ ਗਏ ਖੁਲਾਸੇ ਕਿ ਇਸ ਕਤਲ ਲਈ ਭਾਰਤੀ ਏਜੰਟ ਜ਼ਿੰਮੇਵਾਰ ਸਨ, ਹਾਲਾਂਕਿ, ਸਿੱਖਾਂ, ਕੈਨੇਡਾ ਜਾਂ ਇੱਥੋਂ ਤੱਕ ਕਿ ਭਾਰਤ ਤੱਕ ਵੀ ਸੀਮਤ ਨਹੀਂ ਹਨ। ਸਿੱਖ ਰਾਜਨੀਤੀ ਦੱਖਣੀ ਏਸ਼ੀਆਈ ਖੇਤਰ ਦੀ ਭੂ-ਰਾਜਨੀਤੀ ਵਿੱਚ ਮਜ਼ਬੂਤੀ ਨਾਲ ਜੜ੍ਹੀ ਹੋਈ ਹੈ ਅਤੇ ਵੱਖ-ਵੱਖ ਵਿਸ਼ਵ ਸ਼ਕਤੀਆਂ ਦੇ ਹਿੱਤਾਂ ਨਾਲ ਵੀ ਜੁੜੀ ਹੋਈ ਹੈ।

ਕੈਨੇਡਾ ਨੇ ਪ੍ਰੰਪਰਾਗਤ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਨ ਲਈ ਭਾਰਤ 'ਤੇ ਦੋਸ਼ ਲਗਾਉਣ ਲਈ ਸਰਵਉੱਚ ਰਾਜਨੀਤਿਕ ਅਥਾਰਟੀ (ਪ੍ਰਧਾਨ ਮੰਤਰੀ) ਅਤੇ ਉੱਚ ਸੰਸਥਾਗਤ ਪਲੇਟਫਾਰਮ (ਸੰਸਦ) ਦੀ ਵਰਤੋਂ ਕੀਤੀ। ਅਜਿਹਾ ਕਰਦੇ ਹੋਏ, ਕੈਨੇਡੀਅਨ ਪ੍ਰਧਾਨ ਮੰਤਰੀ ਨੇ 'ਫਾਈਵ ਆਈਜ਼ ਅਲਾਇੰਸ', ਜਿਸ ਵਿੱਚ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂ.ਕੇ. ਸ਼ਾਮਲ ਹਨ, ਵਿੱਚ ਇੱਕ ਭਾਈਵਾਲ ਤੋਂ ਪ੍ਰਾਪਤ ਗੁਪਤ ਖੁਫੀਆ ਜਾਣਕਾਰੀ ਦਾ ਹਵਾਲਾ ਵੀ ਦਿੱਤਾ। ਇਹ ਸਾਨੂੰ ਦੱਸਦਾ ਹੈ ਕਿ ਕੈਨੇਡਾ ਦੀਆਂ ਕਾਰਵਾਈਆਂ ਅਸਲ ਵਿੱਚ ਦੱਖਣੀ ਏਸ਼ੀਆ ਵਿੱਚ ਪੱਛਮੀ ਸ਼ਕਤੀਆਂ ਦੀ ਵਿਆਪਕ ਰਣਨੀਤੀ ਦਾ ਪ੍ਰਗਟਾਵਾ ਹਨ।

ਇਸ ਮਾਮਲੇ ਵਿੱਚ ਭਾਰਤ ਦੇ ਖਿਲਾਫ ਕੈਨੇਡਾ ਦੀ ਕਾਰਵਾਈ, ਪੱਛਮੀ ਤਾਕਤਾਂ ਵੱਲੋਂ ਸੋਚ-ਸਮਝ ਕੇ ਚੁੱਕਿਆ ਗਿਆ ਕਦਮ ਹੈ। ਕੈਨੇਡਾ ਵਿੱਚ ਭਾਰਤੀ ਏਜੰਟਾਂ ਦੁਆਰਾ ਇੱਕ ਖਾਲਿਸਤਾਨੀ ਸਿੱਖ ਆਗੂ ਦਾ ਕਤਲ ਸਿੱਖਾਂ ਲਈ ਸਪੱਸ਼ਟ ਤੌਰ 'ਤੇ ਮਹੱਤਵਪੂਰਨ ਹੈ, ਪਰ ਇਹ ਮੁੱਦਾ ਤੇਜ਼ੀ ਨਾਲ ਇੱਕ ਅੰਤਰਰਾਸ਼ਟਰੀ ਪ੍ਰਦਰਸ਼ਨ ਦਾ ਰੂਪ ਧਾਰਨ ਕਰ ਰਿਹਾ ਹੈ ਜੋ ਸਿੱਖਾਂ ਅਤੇ ਖਾਲਿਸਤਾਨ ਨੂੰ ਕੇਂਦਰ ਵਿੱਚ ਰੱਖਦਾ ਹੈ।

ਸਥਿਤੀ ਦੀ ਗੰਭੀਰਤਾ ਲਈ ਸਿੱਖਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ, ਖਾਸ ਕਰਕੇ ਅੰਤਰਰਾਸ਼ਟਰੀ ਸ਼ਕਤੀਆਂ ਦੀ ਭੂਮਿਕਾ ਅਤੇ ਸ਼ਮੂਲੀਅਤ ਬਾਰੇ। ਪੱਛਮੀ ਸ਼ਕਤੀਆਂ ਸਮੇਤ ਕਿਸੇ ਵੀ ਵਿਸ਼ਵ ਸ਼ਕਤੀ ਦੀ ਸ਼ਮੂਲੀਅਤ ਹਮੇਸ਼ਾ ਉਨ੍ਹਾਂ ਦੇ ਆਪਣੇ ਹਿੱਤਾਂ ਨਾਲ ਜੁੜੀ ਹੁੰਦੀ ਹੈ। ਅੱਜ ਸਾਡੇ ਇਤਿਹਾਸ ਅਤੇ ਭੂਗੋਲਿਕ ਸਥਿਤੀ ਦੇ ਕਾਰਨ, ਸਿੱਖ ਹੁਣ ਬਹੁਤ ਸਾਰੀਆਂ ਸ਼ਕਤੀਆਂ ਦੇ ਭੂ-ਰਾਜਨੀਤਿਕ ਅਤੇ ਭੂ-ਰਣਨੀਤਕ ਟਕਰਾਅ ਦੇ ਕੇਂਦਰ ਵਿੱਚ ਹਨ। ਦੱਖਣੀ ਏਸ਼ੀਆ ਦੀਆਂ ਸੀਮਾਵਾਂ ਦੇ ਅੰਦਰ, ਸਿੱਖ ਹਰ ਪਾਸਿਓਂ ਦੁਸ਼ਮਣੀ ਪ੍ਰਮਾਣੂ ਸ਼ਕਤੀਆਂ ਨਾਲ ਘਿਰੇ ਹੋਏ ਹਨ। ਸਿੱਧੇ ਸੰਘਰਸ਼ ਦੀ ਸਥਿਤੀ ਵਿੱਚ, ਇਹਨਾਂ ਵਿੱਚੋਂ ਕਿਸੇ ਵੀ ਧਿਰ ਦੀ ਬੇਚੈਨੀ ਜਾਂ ਗਲਤੀ ਸਾਡੇ ਲਈ ਤਬਾਹੀ ਦਾ ਕਾਰਨ ਬਣ ਸਕਦੀ ਹੈ।

ਇਸ ਸਭ ਦਾ ਦੂਸਰਾ ਦ੍ਰਿਸ਼ਟੀਕੋਣ ਇਹ ਹੈ ਕਿ ਇਹਨਾਂ ਹੋਂਦ ਦੇ ਖਤਰਿਆਂ ਅਤੇ ਖਤਰਿਆਂ ਦੇ ਨਾਲ-ਨਾਲ, ਨਵੇਂ ਮੌਕੇ ਵੀ ਸਾਡੇ ਸਾਹਮਣੇ ਪੇਸ਼ ਹੋ ਰਹੇ ਹਨ।ਮੌਜੂਦਾ ਮੁੱਦੇ ਦੀ ਰੋਸ਼ਨੀ ਵਿੱਚ, ਸਾਡੇ ਕੋਲ ਖਾਲਿਸਤਾਨ ਦੇ ਆਪਣੇ ਦ੍ਰਿਸ਼ਟੀਕੋਣ ਅਤੇ ਵਿਚਾਰ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕਰਨ ਦਾ ਇੱਕ ਸੁਨਹਿਰੀ ਮੌਕਾ ਪੇਸ਼ ਕੀਤਾ ਗਿਆ ਹੈ, ਭਾਵੇਂ ਅਸੀਂ ਇਸ ਸਮੇਂ ਇਸ ਮੌਕੇ ਦਾ ਪੂਰਾ ਲਾਭ ਉਠਾਉਣ ਲਈ ਤਿਆਰ ਨਹੀਂ ਹਾਂ।

ਸਾਰੀ ਸਥਿਤੀ ਦਾ ਮੁਲਾਂਕਣ ਕਰਦਿਆਂ, ਦਿੱਲੀ ਦੇ ਬਿਪਰਵਾਦੀ ਹਾਕਮ ਸਾਡੇ ਵਿਰੁੱਧ ਆਪਣਾ ਹਮਲਾਵਰ ਹਮਲਾ ਬਰਕਰਾਰ ਰੱਖਣਗੇ। ਜਿੱਥੇ ਮੁਸਲਮਾਨਾਂ ਨੂੰ ਪਹਿਲਾਂ ਹੀ ਸਰਕਾਰ ਦੁਆਰਾ ਸਪੱਸ਼ਟ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਥੇ ਹੀ ਆਉਣ ਵਾਲੇ ਸਮੇਂ ਵਿੱਚ ਖਾਲਿਸਤਾਨ ਦੀ ਵਕਾਲਤ ਕਰਨ ਲਈ ਸਿੱਖ ਆਬਾਦੀ ਦੇ ਮਹੱਤਵਪੂਰਨ ਹਿੱਸੇ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ।

ਜਦੋਂ ਕਿ ਗਲੋਬਲ ਰਾਜਨੀਤੀ ਅਤੇ ਮੀਡੀਆ ਆਊਟਲੈਟ ਅੱਜ ਖਾਲਿਸਤਾਨ ਦੇ ਸੰਕਲਪ ਦੇ ਆਲੇ-ਦੁਆਲੇ ਆਪਣੀਆਂ ਚਰਚਾਵਾਂ ਕੇਂਦਰਿਤ ਕਰ ਰਹੇ ਹਨ, ਭਾਰਤੀ ਰਾਜ ਆਪਣੇ ਸਾਰੇ ਉਪਲਬਧ ਸਰੋਤਾਂ ਨੂੰ ਆਮ ਤੌਰ 'ਤੇ ਸਿੱਖਾਂ ਅਤੇ ਖਾਸ ਤੌਰ 'ਤੇ ਖਾਲਿਸਤਾਨ ਨਾਲ ਜੁੜੇ ਸਿੱਖਾਂ ਨੂੰ ਅਲੱਗ-ਥਲੱਗ ਕਰਨ ਲਈ ਪੂਰਾ ਜੋਰ ਲਾਵੇਗਾ। ਇਹੀ ਕਾਰਨ ਹੈ ਕਿ ਸਰਕਾਰ ਕਿਸੇ ਵੀ ਤਰੀਕੇ ਨਾਲ ਨਸ਼ੀਲੇ ਪਦਾਰਥਾਂ, ਗੈਂਗਸਟਰਾਂ ਅਤੇ ਸੰਗਠਿਤ ਅਪਰਾਧਾਂ ਨੂੰ ਖਾਲਿਸਤਾਨ ਨਾਲ ਜੋੜਨਾ ਜਾਰੀ ਰੱਖੇਗਾ। ਕੁੱਲ ਮਿਲਾ ਕੇ ਭਾਰਤੀ ਰਾਜ ਸਾਨੂੰ ਅਲੱਗ-ਥਲੱਗ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜਿਵੇਂ ਕਿ ਉਸਨੇ 1984 ਤੋਂ ਪਹਿਲਾਂ ਸਿੱਖਾਂ ਨਾਲ ਕੀਤਾ ਸੀ। ਇਸੇ ਕਰਕੇ ਸਰਕਾਰ ਅਤੇ ਮੀਡੀਆ ਲਗਾਤਾਰ ਸਿੱਖ ਸੰਘਰਸ਼, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਖਾਲਿਸਤਾਨੀ ਲੀਡਰਸ਼ਿਪ ਅਤੇ ਸਿੱਖਾ ਬਾਰੇ ਬੋਲਣ ਵਾਲਿਆਂ ਦੇ ਕਿਰਦਾਰ 'ਤੇ ਹਮਲੇ ਕਰ ਰਿਹਾ ਹੈ।ਇਸ ਸਭ ਦੌਰਾਨ, ਭਾਰਤੀ ਰਾਜ ਸਿੱਖਾਂ ਦੇ ਅੰਦਰ ਵੰਡ ਦੀ ਅੱਗ ਨੂੰ ਭੜਕਾ ਰਿਹਾ ਹੈ ਅਤੇ ਨਾਲ ਹੀ ਸਿੱਖ ਸੰਸਥਾਵਾਂ ਅਤੇ ਲੀਡਰਸ਼ਿਪ ਨੂੰ ਕਮਜ਼ੋਰ ਕਰ ਰਿਹਾ ਹੈ। ਸਰਕਾਰ ਨੂੰ ਉਮੀਦ ਹੈ ਕਿ ਕੁਝ ਸਿੱਖ ਸਮੂਹਾਂ ਵੱਲੋਂ ਦੂਜੇ ਸਿੱਖਾਂ 'ਤੇ ਹਮਲਾ ਕਰਨ ਅਤੇ ਇਸ ਨੂੰ ਖੁੱਲ੍ਹੇ ਟਕਰਾਅ ਵੱਲ ਧੱਕਣ ਲਈ ਦੋਸ਼ ਦੀ ਉਂਗਲ ਉਠਾਉਣ ਦੀ ਪ੍ਰਵਿਰਤੀ ਨੂੰ ਤੇਜ਼ ਕੀਤਾ ਜਾਵੇਗਾ। ਅਜਿਹੇ ਟਕਰਾਅ ਨੂੰ ਇੱਕ ਬਹਾਨੇ ਵਜੋਂ ਵਰਤ ਕੇ, ਭਾਰਤੀ ਸਰਕਾਰ ਸਿੱਖਾਂ ਨੂੰ ਇੱਕ ਦੂਜੇ ਦੇ ਵਿਰੁੱਧ ਖੜਾ ਕਰਨਾ ਚਾਹੁੰਦਾ ਹੈ ਤਾਂ ਜੋ ਉਹਨਾਂ ਸਿੱਖ ਆਗੂਆਂ ਨੂੰ ਖਤਮ ਕੀਤਾ ਜਾ ਸਕੇ ਜਿਨ੍ਹਾਂ ਤੋਂ ਇਸ ਨੂੰ ਖਤਰਾ ਹੈ।ਇਸ ਸਥਿਤੀ ਦੇ ਖਤਰਿਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਟਾਕਰਾ ਕਰਨ ਲਈ ਗੁਰਸੰਗਤ ਅਤੇ ਖਾਲਸਾ ਪੰਥ ਨੂੰ ਕੁਝ ਲੰਮੇ ਸਮੇਂ ਦੇ ਅਤੇ ਫੌਰੀ ਕਾਰਜਾਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ।

ਇਸ ਸਮੇਂ, ਮੁੱਖ ਕਮਜ਼ੋਰੀ ਜਿਸਦਾ ਰਾਜ ਸ਼ੋਸ਼ਣ ਕਰ ਸਕਦਾ ਹੈ ਅਤੇ ਸਾਨੂੰ ਦਬਾਉਣ ਲਈ ਇਸਤੇਮਾਲ ਕਰ ਰਿਹਾ ਹੈ, ਉਹ ਹੈ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਰਾਜਨੀਤਿਕ ਪਾਰਟੀਆਂ ਅਤੇ ਜਥਿਆਂ ਵਿਚਕਾਰ ਇਕਸੁਰਤਾ ਅਤੇ ਇਕਜੁਟ ਸ਼ਕਤੀ ਦੀ ਘਾਟ। ਮੌਜੂਦਾ ਹਾਲਾਤ ਵਿੱਚ, ਜਦੋਂ ਕਿ ਤਖ਼ਤ ਸਾਹਿਬ ਅਤੇ ਗੁਰਦੁਆਰਾ ਪ੍ਰਬੰਧ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਾਰਤੀ ਰਾਜ ਦੇ ਪ੍ਰਭਾਵ ਹੇਠ ਹਨ, ਸਿੱਖਾਂ ਨੂੰ ਇੱਕ ਬਦਲਵਾਂ ਜਥਾ (ਯੂਨਿਟ) ਖੜ੍ਹਾ ਕਰਨ ਦੀ ਲੋੜ ਹੈ, ਜਿਸ ਵਿੱਚ ਨਿਰਸਵਾਰਥ ਸ਼ਖਸੀਅਤਾਂ ਅਤੇ ਪਰੰਪਰਾਗਤ "ਅਕਾਲੀਆਂ" ਦੀਆਂ ਕਦਰਾਂ-ਕੀਮਤਾਂ ਨਾਲ ਰੰਗੇ ਸਿੱਖ ਸ਼ਾਮਲ ਹੋਣ। ਪੰਚ ਪ੍ਰਧਾਨੀ ਅਗਵਾਈ ਅਤੇ ਗੁਰਮੱਤ ਅਧਾਰਤ ਫੈਸਲੇ ਲੈਣ ਰਾਹੀਂ ਇਹ ਜਥਾ ਦੁਨੀਆ ਭਰ ਵਿੱਚ ਖਿੰਡੇ ਹੋਏ ਸਮੂਹਾਂ ਅਤੇ ਜਥਿਆਂ ਨੂੰ ਪੁਨਰਗਠਿਤ ਅਤੇ ਮਜ਼ਬੂਤ ਕਰਨ ਲਈ ਪ੍ਰੇਰਣਾ ਪ੍ਰਦਾਨ ਕਰ ਸਕਦਾ ਹੈ। ਇਹ ਜਥਾ ਪੰਥ ਦੀ ਚਲਦਾ ਵਹੀਰ (ਚਲਦਾ ਕਾਫ਼ਲਾ) ਪਰੰਪਰਾ ਅਨੁਸਾਰ ਕੰਮ ਕਰ ਸਕਦਾ ਹੈ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਇਸ ਵੇਲੇ ਭਾਰਤੀ ਰਾਜ ਦੀਆਂ ਤਾਕਤਾਂ ਦੇ ਕਬਜ਼ੇ ਵਿਚ ਹੈ।

ਦੁਨੀਆਂ ਭਰ ਦੀਆਂ ਸਿੱਖ ਜੱਥੇਬੰਦੀਆਂ ਨੂੰ ਪੰਥਕ ਪਰੰਪਰਾਵਾਂ ਦੀ ਰੌਸ਼ਨੀ ਵਿੱਚ ਅਤੇ ਸਥਾਨਕ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਇਸੇ ਤਰ੍ਹਾਂ ਜਥੇਬੰਦ ਕਰਨ ਦੀ ਲੋੜ ਹੈ ਤਾਂ ਜੋ ਪੰਚ ਪ੍ਰਧਾਨੀ ਸਮੂਹਿਕ ਅਗਵਾਈ ਅਤੇ ਗੁਰਮੱਤ ਅਧਾਰਤ ਫੈਸਲੇ ਲੈਣ ਦੀ ਮੁੜ ਸਥਾਪਨਾ ਕੀਤੀ ਜਾ ਸਕੇ।ਇਸ ਤੋਂ ਇਲਾਵਾ, ਜਦੋਂ ਕਿ ਵੱਖ-ਵੱਖ ਵਿਸ਼ਵ ਸ਼ਕਤੀਆਂ ਸਿੱਖ ਮੁੱਦਿਆਂ 'ਤੇ ਧਿਆਨ ਕੇਂਦਰਤ ਕਰ ਰਹੀਆਂ ਹਨ, ਸਾਨੂੰ ਹੇਠ ਲਿਖੇ ਕੰਮਾਂ ਨੂੰ ਤੁਰੰਤ ਲਾਗੂ ਕਰਨ ਦੀ ਲੋੜ ਹੈ:

ਸਿੱਖਾਂ ਨੂੰ ਸਾਡੇ ਦ੍ਰਿਸ਼ਟੀਕੋਣਾਂ ਦੀ ਦਲੇਰੀ ਨਾਲ ਵਕਾਲਤ ਕਰਨੀ ਚਾਹੀਦੀ ਹੈ ਅਤੇ ਖਾਲਿਸਤਾਨ ਦੇ ਪਵਿੱਤਰ ਸੰਕਲਪ ਨੂੰ ਸਪਸ਼ਟ ਰੂਪ ਵਿੱਚ ਬਿਆਨ ਕਰਨਾ ਚਾਹੀਦਾ ਹੈ। ਖਾਲਿਸਤਾਨ ਅਤੇ ਸਿੱਖ ਅਜ਼ਾਦੀ ਵਿਰੁੱਧ ਕੰਮ ਕਰ ਰਹੀ ਭਾਰਤੀ ਪ੍ਰਾਪੇਗੰਡਾ ਮਸ਼ੀਨ ਦਾ ਪਰਦਾਫਾਸ਼ ਹੋਣਾ ਚਾਹੀਦਾ ਹੈ।ਇਹ ਲਾਜ਼ਮੀ ਹੈ ਕਿ ਗੁਰੂ ਖਾਲਸਾ ਪੰਥ ਸਾਡੀ ਇਲਾਹੀ ਪਾਤਸ਼ਾਹੀ ਦਾਵਾ ਦੀ ਵਿਲੱਖਣਤਾ ਨੂੰ ਕਾਇਮ ਰੱਖੇ ਅਤੇ ਸਿੱਖ ਲਈ ਸਾਡੀ ਵਿਲੱਖਣ ਦ੍ਰਿਸ਼ਟੀ ਨੂੰ ਦੁਨੀਆਂ ਸਾਹਮਣੇ ਪ੍ਰਗਟ ਕਰੇ।

ਇਤਿਹਾਸਕ ਅਤੇ ਚੱਲ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਜਬਰ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ। ਸਿੱਖਾਂ ਨੂੰ, ਖਾਸ ਤੌਰ 'ਤੇ ਪੱਛਮੀ ਦੇਸ਼ਾਂ ਵਿਚ ਰਹਿਣ ਵਾਲੇ, ਜੂਨ 1984 ਦੇ ਘੱਲੂਘਾਰੇ, ਨਵੰਬਰ 1984 ਵਿਚ ਸਿੱਖ ਨਸਲਕੁਸ਼ੀ ਅਤੇ 1980-90 ਦੇ ਦਹਾਕੇ ਦੌਰਾਨ ਮਨੁੱਖਤਾ ਵਿਰੁੱਧ ਹੋਏ ਅਪਰਾਧਾਂ ਦੇ ਮੁੱਦੇ ਵੱਖ-ਵੱਖ ਅੰਤਰਰਾਸ਼ਟਰੀ ਮੰਚਾਂ 'ਤੇ ਉਠਾਉਣੇ ਚਾਹੀਦੇ ਹਨ।

ਭਾਰਤ ਦੀ ਸੱਭਿਆਚਾਰਕ ਨਸਲਕੁਸ਼ੀ ਦੇ ਮੁੱਦੇ ਨੂੰ ਵੱਡੇ ਪੱਧਰ ਤੇ ਉਠਾਓਣਾਂ ਚਾਹੀਦਾ ਹੈ, ਜੋ ਕਿ ਸਿੱਖ ਰਾਜਨੀਤਿਕ, ਅਧਿਆਤਮਿਕ ਅਤੇ ਸਮਾਜ ਨੂੰ ਬੇਅਸਰ ਕਰਨ ਅਤੇ ਕਮਜ਼ੋਰ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਤੋਂ ਸਪੱਸ਼ਟ ਹੈ।

ਸਿੱਖਾਂ ਨੂੰ ਸਾਡੀਆਂ ਆਪਣੀਆਂ ਸ਼੍ਰੇਣੀਆਂ ਵਿਚਲੀਆਂ ਇਕਾਈਆਂ ਦੀ ਪਛਾਣ ਕਰਨੀ ਚਾਹੀਦੀ ਹੈ ਜੋ ਜਾਣੇ-ਅਣਜਾਣੇ ਵਿਚ ਅੰਦਰੂਨੀ ਤੌਰ 'ਤੇ ਧੜੇਬੰਦੀ ਵਿਚ ਸ਼ਾਮਲ ਹੁੰਦੀਆਂ ਹਨ ਜੋ ਸਿਰਫ ਭਾਰਤ ਦੀ ਆਪਣੀ ਰਣਨੀਤੀ ਨੂੰ ਅੱਗੇ ਵਧਾਉਂਦੀਆਂ ਹਨ। ਇਹਨਾਂ ਧੜਿਆਂ ਨੂੰ ਨਿਮਰਤਾ ਅਤੇ ਸੱਚੇ ਇਰਾਦੇ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਭਾਰਤੀ ਰਾਜ ਦੇ ਜਿੱਤੇ ਹੋਏ ਕੰਮ ਕਰਨ ਤੋਂ ਨਿਰਾਸ਼ ਕੀਤਾ ਜਾ ਸਕੇ।



ਸਿੱਖਾਂ ਨੂੰ ਆਪਣਾ ਅੰਦਰੂਨੀ ਤਾਲਮੇਲ ਅਤੇ ਸੰਵਾਦ ਵਧਾਉਣਾ ਚਾਹੀਦਾ ਹੈ। ਸਾਡੀ ਸਥਿਤੀ ਸਪੱਸ਼ਟ ਤੌਰ 'ਤੇ ਖਤਰਨਾਕ ਮੋੜ ਲੈ ਰਹੀ ਹੈ। ਗੱਲਬਾਤ ਅਤੇ ਵਿਸ਼ਵਾਸ-ਬਣਾਉਣ ਦੀਆਂ ਪਹਿਲਕਦਮੀਆਂ ਦੀ ਸਹੂਲਤ ਲਈ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਅਸੀਂ ਇਸ ਸਬੰਧ ਵਿਚ ਹਰ ਸੰਭਵ ਯਤਨ ਕਰ ਰਹੇ ਹਾਂ, ਅਤੇ ਅਸੀਂ ਬਾਕੀ ਸਾਰੇ ਸਿੱਖਾਂ ਨੂੰ ਵੀ ਇਸ ਪਹਿਲ ਨੂੰ ਅੱਗੇ ਵਧਾਉਣ ਲਈ ਬੇਨਤੀ ਕਰਦੇ ਹਾਂ।ਪੰਥ ਸੇਵਕ ਸਮੂਹ:ਭਾਈ ਦਲਜੀਤ ਸਿੰਘ,ਭਾਈ ਨਰਾਇਣ ਸਿੰਘ,ਭਾਈ ਲਾਲ ਸਿੰਘ ਅਕਾਲਗੜ੍ਹ,ਭਾਈ ਭੁਪਿੰਦਰ ਸਿੰਘ ਭਲਵਾਨ,ਭਾਈ ਸਤਨਾਮ ਸਿੰਘ ਖੰਡੇਵਾਲਾ,ਭਾਈ ਰਜਿੰਦਰ ਸਿੰਘ ਮੁਗਲਵਾਲਾ,ਭਾਈ ਸਤਨਾਮ ਸਿੰਘ ਝੰਜੀਆਂ,ਭਾਈ ਸੁਖਦੇਵ ਸਿੰਘ ਡੋਡ,ਭਾਈ ਅਮਰੀਕ ਸਿੰਘ ਈਸੜੂ,ਭਾਈ ਹਰਦੀਪ ਸਿੰਘ ਮਹਿਰਾਜ,ਭਾਈ ਮਨਜੀਤ ਸਿੰਘ ਫਗਵਾੜਾ

# ਸਿੱਖ ਕੌਮ ਲਈ ਚੁਣੌਤੀਆਂ ਦੇ ਮੁਕਾਬਲੇ ਦਾ ਸਮਾਂ ਆ ਗਿਆ ਸਿੰਘ ਸਾਹਿਬ

ਅੰਮ੍ਰਿਤਸਰ (ਨਿਰਮਲ ਸਿੰਘ ਚੌਹਾਨ)- ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ 150 ਸਾਲਾ ਸਥਾਪਨਾ ਦਿਹਾੜਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇਕ ਵਿਸ਼ਾਲ ਗੁਰਮਤਿ ਸਮਾਗਮ ਕਰਕੇ ਮਨਾਇਆ ਗਿਆ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ 150 ਸਾਲ ਪਹਿਲਾਂ ਸ਼ੁਰੂ ਹੋਈ ਸਿੰਘ ਸਭਾ ਲਹਿਰ ਨੇ ਤਤਕਾਲੀ ਚੁਣੌਤੀਆਂ ਵਿਰੁੱਧ ਸਿੱਖ ਕੌਮ ਅੰਦਰ ਚੇਤੰਨ ਦਸਤਕ ਦਿੱਤੀ ਸੀ, ਜਿਸ ਦਾ ਪ੍ਰਭਾਵ ਹਰ ਸਿੱਖ ਨੇ ਕਬੂਲਿਆ ਸੀ। ਉਨ੍ਹਾਂ ਆਖਿਆ ਕਿ ਅੱਜ ਵੀ ਕਈ ਚੁਣੌਤੀਆਂ ਕੌਮ ਦੇ ਸਾਹਮਣੇ ਹਨ, ਜਿਨ੍ਹਾਂ ਦਾ ਮੁਕਾਬਲਾ ਇਤਿਹਾਸ ਤੋਂ ਸੇਧ ਲੈ ਕੇ ਕਰਨਾ ਪਵੇਗਾ।ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਸਿੱਖ ਧਰਮ ਅਤੇ ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਕੀਤੀ ਅਤੇ ਸਿੱਖਾਂ ਨੂੰ ਆਪਣੇ ਕੌਮੀ ਫ਼ਰਜ਼ ਪ੍ਰਤੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਦੇ ਇਹ ਵਰਕੇ ਕੌਮ ਲਈ ਪ੍ਰੇਰਣਾ ਸਰੋਤ ਹਨ। ਧਰਮ ਦੇ ਵਿਸ਼ਵਾਸ਼ਾਂ ਪ੍ਰਤੀ ਦ੍ਰਿੜ੍ਹਤਾ ਹੀ ਕੌਮੀ ਚੁਣੌਤੀਆਂ ਵਿੱਚੋਂ ਬਾਹਰ ਕੱਢ ਸਕਦੀ ਹੈ। ਇਸ ਦੀ ਉਦਾਹਰਣ ਸਿੰਘ ਸਭਾ ਲਹਿਰ ਦਾ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਸਿੱਖੀ ਨੂੰ ਚੁਣੌਤੀਆਂ ਹਰ ਸਮੇਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖੀ ਦੇ ਮਨੁੱਖਤਾਵਾਦੀ ਸਿਧਾਂਤ ਹਾਕਮ ਸਰਕਾਰਾਂ ਨੂੰ ਰੜਕਦੇ ਰਹੇ ਹਨ। ਇਸੇ ਕਰਕੇ ਹੀ ਸਮੇਂ-ਸਮੇਂ ਕੌਮ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ। ਐਡਵੋਕੇਟ ਧਾਮੀ ਨੇ ਕਿਹਾ ਕਿ ਇਤਿਹਾਸ ਸਾਨੂੰ ਇਹ ਪ੍ਰੇਰਣਾ ਦਿੰਦਾ ਹੈ ਕਿ ਚੁਣੌਤੀਆਂ ਦੇ ਹੱਲ ਇਕਜੁਟਤਾ ਨਾਲ ਹੀ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵੀ ਪੰਥ ਵਿਰੋਧੀ ਸ਼ਕਤੀਆਂ ਸਿੱਖੀ ਦੀ ਗੱਲ ਕਰਨ ਵਾਲੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੀਆਂ ਹੋਈਆਂ ਹਨ, ਜਿਨ੍ਹਾਂ ਦੇ ਮੁਕਾਬਲੇ ਲਈ ਚੇਤੰਨ ਅਤੇ ਬੌਧਿਕ ਤੌਰ 'ਤੇ ਤਿਆਰ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਨੌਜੁਆਨੀ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਸੰਯੁਕਤ ਹੰਭਲੇ ਦੀ ਲੋੜ ਹੈ, ਤਾਂ ਜੋ ਕੌਮ ਦੇ ਬੇਹਤਰ ਭਵਿੱਖ ਲਈ ਇਕ ਸਿੱਖੀ ਨੂੰ ਪ੍ਰਨਾਈ ਹੋਈ ਪਨੀਰੀ ਪੈਦਾ ਹੋ ਸਕੇ।


FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Plus Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

5 YEAR FIXED 5.29 %*

QUICK & EASY APPROVALS



*Rates are subject to change. O.A.C. Some Conditions Apply. VERICO A.K. MORTGAGE PLUS INC

# ਸਿੱਖਾਂ ਨੇ ਕਦੋਂ ਕੈਨੇਡਾ ਵੱਲ ਪ੍ਰਵਾਸ ਕਰਨਾ ਸ਼ੁਰੂ ਕੀਤਾ?



*ਨਵਦੀਪ ਕੌਰ ਗਰੇਵਾਲ

ਮਹਾਰਾਜਾ ਰਣਜੀਤ ਸਿੰਘ ਦਾ ਪੋਤਾ ਪ੍ਰਿੰਸ ਵਿਕਟਰ ਐਲਬਰਟ ਦਲੀਪ ਸਿੰਘ, ਸਿੱਖ ਮੂਲ ਦਾ ਪਹਿਲਾ ਵਿਅਕਤੀ ਮੰਨਿਆ ਜਾਂਦਾ ਹੈ ਜੋ ਕੈਨੇਡਾ ਪਹੁੰਚਿਆ। ਪ੍ਰਿੰਸ ਵਿਕਟਰ ਐਲਬਰਟ, ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਬੈਂਬਾ ਮੁੱਲਰ ਦੇ ਬੇਟੇ ਸਨ। ਉਨ੍ਹਾਂ ਨੇ ਕੈਂਬਰਿਜ ਦੇ ਈਟਨ ਅਤੇ ਟ੍ਰਾਈਨਿਟੀ ਵਿੱਚ ਪੜ੍ਹਾਈ ਕਰਨ ਬਾਅਦ, ਸੈਂਡਰਸਟ ਵਿੱਚ ਰਾਇਲ ਮਿਲਟਰੀ ਕਾਲਜ ਵਿੱਚ ਦਾਖ਼ਲਾ ਲੈ ਲਿਆ ਸੀ ਅਤੇ ਫਿਰ ਉਹ ਲੈਫ਼ਟੀਨੈਂਟ ਵਜੋਂ ਪਹਿਲੀ (ਸ਼ਾਹੀ) ਡਰਾਗੂਨਜ਼ ਵਿੱਚ ਕਮਿਸ਼ਨ ਹੋ ਗਏ ਸੀ। ਸਾਲ 1888 ਵਿੱਚ ਉਨ੍ਹਾਂ ਦੀ ਪੋਸਟਿੰਗ ਬ੍ਰਿਟਿਸ਼ ਨੌਰਥ ਅਮਰੀਕਾ ਵਿੱਚ ਬ੍ਰਿਟਿਸ਼ ਫ਼ੌਜਾਂ ਦੇ ਕਮਾਂਡਰ ਜਨਰਲ ਸਰ ਜੌਹਨ ਰੌਸ ਦੇ ਆਨਰੇਰੀ ਸਹਾਇਕ ਵਜੋਂ ਹੈਲੀਫੈਕਸ, ਨੋਵਾ ਸਕੌਟੀਆ ਵਿੱਚ ਹੋ ਗਈ। ਇਸ ਹਿਸਾਬ ਨਾਲ, ਉਨ੍ਹਾਂ ਨੂੰ ਕੈਨੇਡਾ ਪਹੁੰਚਣ ਵਾਲੇ ਪਹਿਲੇ ਸਿੱਖ ਮੂਲ ਦੇ ਵਿਅਕਤੀ ਕਿਹਾ ਜਾਂਦਾ ਹੈ। ਉਹ 1890 ਵਿੱਚ ਇੰਗਲੈਂਡ ਪਰਤ ਆਏ ਸੀ।

ਇਸ ਤੋਂ ਬਾਅਦ, ਕੈਨੇਡਾ ਜਾਣ ਵਾਲੇ ਸਿੱਖ ਬ੍ਰਿਟਿਸ਼ ਆਰਮੀ ਦੇ ਜਵਾਨ ਸਨ। ਸਾਲ 1897 ਵਿੱਚ ਮਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਇੰਗਲੈਂਡ ਵਿੱਚ ਵੱਡੇ ਪੱਧਰ ‘ਤੇ ਮਨਾਈ ਗਈ ਸੀ। ਇਸ ਸਬੰਧੀ ਲੰਡਨ ਵਿੱਚ ਕੱਢੇ ਗਏ ਜਲਸੇ ਵਿੱਚ ਕਈ ਕੌਮਨਵੈਲਥ ਦੇਸ਼ਾਂ ਦੀਆਂ ਫ਼ੌਜੀ ਟੁਕੜੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚ ਸਿੱਖ ਵੀ ਮੌਜੂਦ ਸਨ।

ਸਿੱਖਾਂ ਨੂੰ ਦੁਨੀਆ ਦੀਆਂ ਸਭ ਤੋਂ ਬਹਾਦਰ ਫ਼ੌਜਾਂ ਵਿੱਚ ਗਿਣਿਆ ਜਾਂਦਾ ਸੀ। ਬ੍ਰਿਟਿਸ਼ ਨੌਰਥ ਅਮਰਿਕਾ ਐਕਟ ਤੋਂ ਬਾਅਦ, ਸਾਲ 1868 ਵਿੱਚ ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਸਰ ਜੌਹਨ ਏ.ਮੈਕਡੌਨਲਡ ਨੇ ਭਾਰਤ ਵਿੱਚ ਆਪਣੇ ਇੱਕ ਦੋਸਤ ਨੂੰ ਚਿੱਠੀ ਵਿੱਚ ਲਿਖਿਆ ਸੀ। ਕੈਨੇਡਾ ਦੇ ਸਿੱਖ ਹੈਰੀਟੇਜ ਮਿਊਜ਼ੀਅਮ ਦੀ ਵੈਬਸਾਈਟ ’ਤੇ ਇਸ ਦਾ ਜ਼ਿਕਰ ਕੀਤਾ ਗਿਆ ਹੈ, “ਕਿਸੇ ਦਿਨ ਜਦੋਂ ਇੰਗਲੈਂਡ ਅਤੇ ਯੂਐੱਸਏ ਵਿਚਕਾਰ ਜੰਗ ਹੋਏਗੀ ਤਾਂ ਇੰਗਲੈਂਡ ਸਿੱਖਾਂ ਦੀ ਫ਼ੌਜ ਭੇਜ ਕੇ ਸਾਡੀ ਮਦਦ ਕਰ ਸਕਦਾ ਹੈ।”

ਇਸ ਤੋਂ ਵੀ ਪਹਿਲਾਂ 1843-1845 ਦੌਰਾਨ ਬ੍ਰਿਟਿਸ਼ ਰਾਜ ਵਿੱਚ ਕੈਨੇਡਾ ਦੇ ਗਵਰਨਰ ਜਨਰਲ ਰਹਿਣ ਵਾਲੇ ਅਫ਼ਸਰ ਸਰ ਚਾਰਲਜ਼ ਮੈਟਕਾਲਫ ਦੀ ਪਤਨੀ ਇੱਕ ਪੰਜਾਬੀ ਸਿੱਖ ਬੀਬੀ ਸੀ। ਸਰ ਚਾਰਲਜ਼ ਮੈਟਕਾਲਫ ਨੇ, ਭਾਰਤ ਵਿੱਚ ਬ੍ਰਿਟਿਸ਼ ਰਾਜ ਦੇ ਅਫਸਰ ਵਜੋਂ, ਮਹਾਰਾਜਾ ਰਣਜੀਤ ਸਿੰਘ ਨਾਲ ਲਾਹੌਰ ਸੰਧੀ ਕੀਤੀ ਸੀ ਅਤੇ ਲਾਹੌਰ ਰਾਜ ਦੀ ਹੀ ਸਿੱਖ ਬੀਬੀ ਨਾਲ ਵਿਆਹ ਕਰਵਾਇਆ ਸੀ। ਮੈਟਕਾਲਫ ਦੇ ਕੈਨੇਡਾ ਵਿੱਚ ਗਵਰਵਰ ਜਨਰਲ ਰਹਿਣ ਦੌਰਾਨ, ਕੀ ਉਨ੍ਹਾਂ ਦੀ ਸਿੱਖ ਪਤਨੀ ਵੀ ਉਨ੍ਹਾਂ ਦੇ ਨਾਲ ਕੈਨੇਡਾ ਗਈ ਸੀ ਜਾਂ ਨਹੀਂ, ਇਸ ਬਾਰੇ ਹਵਾਲਾ ਨਹੀਂ ਮਿਲ ਸਕਿਆ ਹੈ।

ਕੈਨੇਡਾ ਵਿੱਚ ਗਦਰੀ ਬਾਬਿਆਂ ਦੇ ਇਤਿਹਾਸ ਬਾਰੇ ਕਿਤਾਬਾਂ ਲਿਖਣ ਵਾਲੇ ਸੋਹਣ ਸਿੰਘ ਪੂਨੀ ਨੇ ਸਾਨੂੰ ਦੱਸਿਆ, “ਹੌਂਗਕੌਂਗ ਵਿੱਚ ਬ੍ਰਿਟਿਸ਼ ਰਾਜ ਦੌਰਾਨ ਕੰਮ ਕਰਦੇ ਸਿੱਖਾਂ ਨੂੰ ਹੌਲੀ-ਹੌਲੀ ਸਥਾਨਕ ਲੋਕਾਂ ਅਤੇ ਚੀਨੀ ਲੋਕਾਂ ਰਾਹੀਂ ਵੀ ਕੈਨੇਡਾ ਤੇ ਅਮਰੀਕਾ ਬਾਰੇ ਪਤਾ ਲੱਗਣ ਲੱਗਿਆ ਸੀ।“

“ਕਿਉਂਕਿ ਚੀਨੀ ਲੋਕ ਸਾਡੇ ਤੋਂ ਪਹਿਲਾਂ ਹੀ ਕੈਨੇਡਾ ਵੱਲ ਪਰਵਾਸ ਕਰਨ ਲੱਗੇ ਸਨ। ਸਾਡੇ ਲੋਕ ਪਹਿਲਾਂ ਆਸਟ੍ਰੇਲੀਆ ਵੀ ਜਾ ਰਹੇ ਸਨ, ਸਾਲ 1901 ਵਿੱਚ ਉੱਥੇ ਇਮੀਗਰੇਸ਼ਨ ਨੀਤੀਆਂ ਕਰਕੇ ਆਸਟ੍ਰੇਲੀਆ ਪਰਵਾਸ ਰੁਕਣ ਕਾਰਨ ਵੀ ਸਾਡੇ ਲੋਕਾਂ ਨੂੰ ਕੈਨੇਡਾ ਇੱਕ ਬਦਲ ਵਜੋਂ ਦਿਸਿਆ।“

1903-04 ਤੋਂ ਰੁਜ਼ਗਾਰ ਲਈ ਸਿੱਖ ਕੈਨੇਡਾ ਆਉਣੇ ਸ਼ੁਰੂ ਹੋ ਗਏ ਸਨ। ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ ਤੋਂ ਮਿਲੀ ਜਾਣਕਾਰੀ ਮੁਤਾਬਕ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਤਕਰੀਬਨ 5500 ਸਿੱਖ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਵਿੱਚ ਆ ਕੇ ਰਹਿਣ ਲੱਗੇ ਸੀ। ਉਸ ਵੇਲੇ ਸਿੱਖ ਜ਼ਿਆਦਾਤਰ ਇੱਥੋਂ ਦੀਆਂ ਲੱਕੜ ਮਿੱਲਾਂ, ਸੀਮੇਂਟ ਫ਼ੈਕਟਰੀਆਂ, ਰੇਲਵੇ ਵਰਕਰਾਂ ਵਜੋਂ ਜਾਂ ਖੇਤਾਂ ਵਿੱਚ ਕੰਮ ਕਰਦੇ ਸੀ। ਉਸ ਵੇਲੇ ਸਿਰਫ਼ ਆਦਮੀ ਹੀ ਇੱਥੇ ਰੁਜ਼ਗਾਰ ਲਈ ਰਹਿੰਦੇ ਸੀ। ਸਰਕਾਰ ਦੀਆਂ ਇਮੀਗਰੇਸ਼ਨ ਨੀਤੀਆਂ ਕਰਕੇ ਉਹ ਆਪਣੀਆਂ ਪਤਨੀਆਂ, ਬੱਚਿਆਂ ਨੂੰ ਇੱਥੇ ਨਹੀਂ ਲਿਆ ਸਕਦੇ ਸੀ। ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਸਿੱਖਾਂ ਦਾ ਪਹਿਲਾ ਘਰ ਸੀ। ਉਸ ਵੇਲੇ ਪਰਵਾਸ ਕਰ ਰਹੇ ਸਿੱਖਾਂ ਦਾ ਮਕਸਦ ਪੈਸਾ ਕਮਾਉਣਾ ਅਤੇ ਵਾਪਸ ਪਰਤਣਾ ਹੁੰਦਾ ਸੀ।

ਡਾ. ਤੇਜਿੰਦਰ ਕਹਿੰਦੇ ਹਨ, “ਜਦੋਂ ਸ਼ੁਰੂਆਤ ਵਿੱਚ ਸਿੱਖ ਕੈਨੇਡਾ ਵਿੱਚ ਜਾਣਾ ਸ਼ੁਰੂ ਹੋਏ ਉਨ੍ਹਾਂ ਨੂੰ ਭਾਸ਼ਾ ਨੂੰ ਲੈ ਕੇ ਕਾਫ਼ੀ ਸਮੱਸਿਆਵਾਂ ਆਉਂਦੀਆਂ ਸਨ। ਉਨ੍ਹਾਂ ਨੂੰ ਵਿਦੇਸ਼ੀ ਧਰਤੀ ‘ਤੇ ਸਥਾਨਕ ਲੋਕਾਂ ਨਾਲ ਬੋਲਚਾਲ ਤੇ ਸੰਵਾਦ ਕਰਨ ਵੇਲੇ ਝਿਜਕ ਵੀ ਮਹਿਸੂਸ ਹੁੰਦੀ ਸੀ।“ ”ਉਹ ਸਥਾਨਕ ਲੋਕਾਂ ਨਾਲ ਜ਼ਿਆਦਾ ਰਾਬਤੇ ਵਿੱਚ ਨਹੀਂ ਆਉਂਦੇ ਸੀ। ਉਸ ਵੇਲੇ ਉਹ ਕਮਾ ਕੇ ਵਾਪਸ ਜਾਣ ਦੀ ਸੋਚ ਰੱਖਦੇ ਸੀ, ਸੰਚਾਰ ਦੇ ਸਾਧਨ

(ਬਾਕੀ ਸਫਾ ਬੀ-20 ਤੇ)

**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)

ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ਼ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖ਼ਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**

ਵਕੀਲ ਅਤੇ ਨੋਟਰੀ ਪਬਲਿਕ

**778 835 8455**

#201-13049 76th Avenue, Surrey BC V3W2V7
www.rainalaw.com Email : craina@rainalaw.com

# ਫਾਦਰ ਟੌਬਿਨ ਸੀਨੀਅਰਜ ਕਲੱਬ ਨੇ ਓਵਲ ਸਾਊਂਡ ਅਤੇ ਸੋਬਲ ਫਾਲਜ ਦਾ ਵਿਲੱਖਣ ਤੇ ਵਿਸ਼ਾਲ ਟੂਰ ਲਗਾਇਆ





ਮਿਸੀਸਾਗਾ( ਟੌਰੰਟੋ):-9 ਸਤੰਬਰ ਨੂੰ ਫਾਦਰ ਟੌਬਿਨ ਸੀਨੀਅਰਜ ਕਲੱਬ ਵੱਲੋਂ ਓਵਲ ਸਾਊਂਡ ਅਤੇ ਸੋਬਲ ਫਾਲਜ ਦਾ ਟੂਰ ਲਗਾਇਆ ਗਿਆ।7 ਵਜੇ ਟੀ ਜੇ ਕੰਪਨੀ ਦੀ ਡੀਲਕਸ ਕੋਚ ਦਾ ਪ੍ਰਬੰਧ ਸ. ਪਰਮਜੀਤ ਸਿੰਘ ਕਲੇਕਾ ਨੇ ਕੀਤਾ ਹੋਇਆ ਸੀ।56 ਮੈਂਬਰਾਂ ਨਾਲ ਫੁੱਲ ਬੱਸ ਸ. ਕਰਤਾਰ ਸਿੰਘ ਚਾਹਲ (ਪ੍ਰਧਾਨ) ਅਤੇ ਸ. ਬੰਤ ਸਿੰਘ ਰਾਓ (ਜਨ ਸਕੱਤਰ) ਦੀ ਅਗਵਾਈ ਹੇਠ ਰਵਾਨਾਗੀ ਲਈ ਤਿਆਰ ਸੀ।ਸ. ਨਿਰਮਲ ਸਿੰਘ ਢਡਵਾਲ (ਮੀਤ ਪ੍ਰਧਾਨ), ਸ. ਹਰੀ ਸਿੰਘ ਗਿੱਲ ਨੇ ਪ੍ਰਿੰ. ਰਾਮ ਸਿੰਘ ਕੁਲਾਰ (ਰਿਟਾ ਪ੍ਰਿੰ.) ਨੂੰ ਰਵਾਨਗੀ ਦੀ ਅਰਦਾਸ ਕਰਨ ਲਈ ਬੇਨਤੀ ਕੀਤੀ।ਸ. ਗੁਰਮੇਲ ਸਿੰਘ ਗਿੱਲ ਤੇ ਟਹਿਲ ਸਿੰਘ ਮੁੰਡੀ ਨੇ ਰਸਤੇ ਵਿਚ ਰਿਫਰੈਸ਼ਮੈਂਟ ਅਤੇ ਜੂਸ ਦੇ ਪੈਕ ਸਮੂਹ ਮੈਂਬਰਾਂ ਵਿਚ ਵੰਡੇ।ਰਸਤੇ ਵਿਚ ਇੰਗਲਿਸ਼ ਫਾਲ ਦਾ ਨਜ਼ਾਰਾ ਵੇਖਿਆ। ਠੀਕ 10 ਵਜੇ ਓਵਲ ਸਾਊਂਡ ਪਹੁੰਚ ਗਏ।ਇਥੇ ਮਕੇਅ ਰੂਟ ਮਿਊਜੀਅਮ ਵਿਚ ਗਾਈਡ ਦੀ ਮੱਦਦ ਨਾਲ ਓਲਡ ਰਿਕਾਰਡਜ ਅਤੇ ਬਹੁਤ ਸਾਰੀਆਂ ਪੁਰਾਤਨ ਵਸਤਾਂ ਬਾਰੇ ਜਾਣਕਾਰੀ ਹਾਸਲ ਕੀਤੀ।ਨੇੜੇ ਹੀ ਹੈਰੀ ਮੌਰਸਟਨ ਵਿਚ ਪੁਰਾਤਤਵ ਪਿੰਡ ਦੇ ਛੋਟੇ ਵੱਡੇ ਘਰ ਉਹਨਾਂ ਦਾ ਰਹਿਣ ਸਹਿਣ, ਭੋਜਨ ਬਣਾਉਣ ਦੇ ਢੰਗ, ਖੇਤੀ ਸੰਦ, 1837 ਦੀ ਬਣੇ ਪੁਰਾਣੇ ਘਰ, ਸਟੋਰ, ਪੈਟਰੋਲ ਪੰਪ ਗਾਈਡ ਦੀ ਮੱਦਦ ਨਾਲ ਵੇਖੇ।ਇਥੇ ਕਨੇਡਾ ਦੇ ਨੇਟਿਵ ਲੋਕ ਰਹਿੰਦੇ ਸਨ।

ਇਥੇ ਨੇੜੇ ਹੀ ਅਸੀਂ ਮਰੀਨ ਅਤੇ ਰੇਲ ਮਿਊਜੀਅਮ ਵੀ ਵੇਖਿਆ।ਅੱਗੇ ਅਸੀਂ ਵਾਇਰਟਨ ਵਿਲੀ ਸਟੈਚੂ ਪਹੁੰਚੇ।ਝੀਲ ਦਾ ਕਿਨਾਰਾ ਸੀ, ਕੁਰਸੀਆਂ ਬੈਂਚ ਲੱਗੇ ਹੋਏ ਸਨ।ਸਭ ਨੇ ਬੈਠ ਕੇ ਲੰਚ ਕੀਤਾ ਤੇ ਕੁਦਰਤ ਦਾ ਨਜ਼ਾਰਾ ਮਾਣਿਆ।ਸਭ ਨੇ ਗੁਰਮੀਤ ਸਿੱਧੂ ਅਤੇ ਇਕਬਾਲ ਘੋਲੀਆ ਨੂੰ ਮਿਸ ਕੀਤਾ ਜੋ ਪਹੁੰਚ ਨਹੀਂ ਸਕੇ ਸਨ।ਪਰਿਵਾਰ ਸਮੇਤ ਆਏ ਸ. ਜਤਿੰਦਰ ਸਿੰਘ (ਚੀਫ ਇੰਜ ਰਿਟਾ) ਨਜ਼ਾਰਿਆਂ ਦੀ ਸਿਫਤ ਕਰ ਰਹੇ ਸਨ।ਇਸ ਤੋਂ ਅੱਗੇ ਅਸੀਂ ਸੋਬਲ ਫਾਲਜ ਤੇ ਪਹੁੰਚ ਗਏ।ਇਥੋਂ ਅੱਗੇ ਅਸੀਂ ਕਿੰਨ ਕਾਰਡਨ ਪਹੁੰਚੇ ਜਿੱਥੇ ਸਭ ਨੂੰ ਕੌਫੀ ਵਰਤਾਈ ਗਈ।ਇਥੋਂ ਅਸੀਂ ਝੀਲ ਕਿਨਾਰੇ ਬਣੇ ਲਾਈਟ ਹਾਊਸ ਨੂੰ ਵੇਖ ਕੇ ਵਾਪਸੀ ਲਈ ਰਵਾਨਾ ਹੋਏ।ਠੀਕ 8.15 ਵਜੇ ਵਾਪਸ ਪਹੁੰਚੇ।ਖੂਬਸੂਰਤ ਯਾਦਾਂ ਨੂੰ ਦਿਲ ਵਿਚ ਸਮੋਈ ਘਰੋ ਘਰੀ ਵਾਪਸੀ ਹੋਈ।




## ਪੰਜਾਬ ਦੇ ਨਕਲੀ .ਗ਼ਾਲਿਬ ਮਨਪ੍ਰੀਤ ਸਿੰਘ ਬਾਦਲ ਕਿੱਥੇ ਲੁਕੇ ਹਨ?

ਚੰਡੀਗੜ੍ਹ:ਬਠਿੰਡਾ ਦੇ ਪਲਾਟ ਖਰੀਦ ਘੁਟਾਲਾ ਮਾਮਲੇ ਵਿਚ ਸਾਬਕਾ ਖ਼ਜ਼ਾਨਾ ਮੰਤਰੀ ਅਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਦਾ ਅਜੇ ਵੀ ਵਿਜੀਲੈਂਸ ਨੂੰ ਕੋਈ ਸੁਰਾਗ ਨਹੀਂ।ਮਿਲਿਆ ਹੈ। ਸੂਤਰਾਂ ਅਨੁਸਾਰ ਮਨਪ੍ਰੀਤ ਬਾਦਲ ਦਿੱਲੀ ਵਿਚ ਕਿਸੇ ਭਾਜਪਾ ਆਗੂ ਘਰ ਲੁਕੇ ਹੋਏ ਹਨ। ਇਸ ਦੇ ਚਲਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦੀਪਕ ਬਾਲੀ ਨੇ ਮਨਪ੍ਰੀਤ ਬਾਦਲ 'ਤੇ ਤੰਜ਼ ਕੱਸਿਆ ਹੈ। ਦੀਪਕ ਬਾਲੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ, "ਦਲੇਰਾਨਾ ਤਬੀਅਤ ਦੇ ਮਾਲਕ ਈਮਾਨਦਾਰੀ ਤੇ ਸਾਦਗੀ ਦੇ ਫਰਜ਼ੀ ਮੁਜੱਸਮੇ ਅਤੇ ਪੰਜਾਬ ਦੇ ਨਕਲੀ .ਗ਼ਾਲਿਬ ਮਨਪ੍ਰੀਤ ਸਿੰਘ ਬਾਦਲ ਕਿੱਥੇ ਲੁਕੇ ਹਨ? ਇਸ ਦੇ ਨਾਲ ਹੀ ਉਨ੍ਹਾਂ ਮਨਪ੍ਰੀਤ ਬਾਦਲ ਨੂੰ ਸਵਾਲ ਕਰਦਿਆਂ ਪੁਛਿਆ ਕਿ ਉਨ੍ਹਾਂ ਦੀ ਹੁਣ ਉਹ ਦਲੇਰੀ ਕਿਥੇ ਗਈ ਹੈ ਜਿਹੜੀ ਉਨ੍ਹਾਂ ਨੇ ਪ੍ਰੈੱਸ ਕਾਨਫ਼ਰੰਸ ਵਿਚ ਦਿਖਾਈ ਸੀ।


UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

## (ਮੁੱਖ ਪੰਨੇ ਦੀ ਬਾਕੀ)

ਸੀ ਸ਼ਾਲਾਘਾ ਕੀਤੀ।

ਸ ਬਲਦੇਵ ਸਿੰਘ ਬਾਠ ਨੇ ਇਸ ਸਮਾਗਮ ਪਹੁੰਚੇ ਮੁੱਖ ਮਹਿਮਾਨ ਪ੍ਰੀਮੀਅਰ ਡੇਵਿਡ ਈਬੀ ਅਤੇ ਕੈਬਨਿਟ ਮੰਤਰੀਆਂ ਦਾ ਸਵਾਗਤ ਕੀਤਾ।

ਬਸੰਤ ਮੋਟਰਜ਼ ਵਲੋਂ ਵਿਦਿਆਰਥੀਆਂ ਲਈ ਸੁਰੂ ਕੀਤੇ ਸਕਾਲਰਸ਼ਿਪ ਬਾਰੇ ਚਾਨਣਾ ਪਾਇਆ। ਸਰਦਾਰ ਬਲਦੇਵ ਸਿੰਘ "ਬਾਠ" ਨੇ ਆਪਣੇ ਜੀਵਨ ਦੇ ਸ਼ਘਰਸ਼ ਦੀ ਬਾਤ ਪਾਉਂਦੇ ਹੋਏ ਦੱਸਿਆ ਕਿ ਅੱਜ ਤੋਂ ਤਕਰੀਬਨ ਅੱਧੀ ਸਦੀ ਪਹਿਲਾਂ $2 ਡਾਲਰ ਜੇਬ "ਚ ਪਾਕੇ ਕਿਵੇਂ ਦੇ ਸੁਪਨੇ ਅਤੇ ਖਾਹਿਸ਼ਾਂ ਲੈਕੇ ਕਨੇਡਾ ਦੀ ਧਰਤੀ ਪੈਰ ਧਰਿਆ । ਇਸ ਮੌਕੇ 'ਤੇ ਹਾਜ਼ਰ ਭਾਰਤੀ ਭਾਈਚਾਰੇ ਨਾਲ ਸੰਬੰਧਿਤ ਰਾਜਸੀ ਆਗੂਆਂ ਦੇ ਚਿਹਰਿਆਂ ਤੋਂ ਵੱਖਰਾ ਹੀ ਮਾਣ ਝਲਕ ਰਿਹਾ ਸੀ, ਇਹ ਮਾਣ ਮੇਰੇ ਸਮੇਤ ਸਾਨੂੰ ਸਾਰਿਆਂ ਨੂੰ ਹੋਣਾ ਵੀ ਚਾਹੀਦਾ।

ਉਹਨਾਂ ਦਸਿਆ ਕਿ ਪੰਜਾਬ ਤੋਂ ਕੈਨੇਡਾ ਵਿਚ ਆਕੇ ਸਖਤ ਮਿਹਨਤ ਤੇ ਲਗਨ ਨਾਲ ਕੀਤਾ ਜਿਸਦਾ ਸਿਹਰਾ ਕੈਨੇਡਾ ਦੇ ਇਮਾਨਦਾਰ ਸਿਸਟਮ ਅਤੇ ਸਾਫ ਸੁਥਰੇ ਵਾਤਾਵਰਣ ਨੂੰ ਜਾਂਦਾ ਹੈ। ਜਦੋਂ ਤੁਹਾਡੀ ਮਿਹਨਤ ਦਾ ਮੁੱਲ ਮਿਲਦਾ ਹੈ ਤਾਂ ਤੁਹਾਡਾ ਕੰਮ ਕਰਨ ਨੂੰ ਵੀ ਦਿਲ ਕਰਦਾ ਹੈ। ਉਹਨਾਂ ਕਿਹਾ ਕਿ ਜੋ ਕੁਝ ਇਥੋਂ ਪ੍ਰਾਪਤ ਹੋਇਆ ਹੈ, ਸਿੱਖੀ ਸਿਧਾਂਤ ਅਨੁਸਾਰ ਵੰਢ ਛਕਣ ਦੀ ਪ੍ਰਿਤ ਅਨੁਸਾਰ ਕੁਝ ਅਦਾ ਵੀ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਸੰਤ ਮੋਟਰਜ਼ ਵਲੋਂ ਇਹ ਕਾਰਜ਼ ਜਾਰੀ ਰੱਖੇ ਜਾਣਗੇ।

ਇਸ ਮੌਕੇ ਬੀਸੀ ਸਰਕਾਰ ਦੇ ਕੈਬਨਿਟ ਮੰਤਰੀਆਂ ਵਿਚ ਹੈਰੀ ਬੈਂਸ, ਸਪੀਕਰ ਰਾਜ ਚੌਹਾਨ, ਰਚਨਾ ਸਿੰਘ, ਜਗਰੂਪ ਬਰਾੜ ਬਰੂਸ ਰਾਲਸਟਨ ,ਗੈਰੀ ਬੈਗ, ਤੇ ਸਰੀ ਦੀ ਕੌਂਸਲਰ ਲਿੰਡਾ ਐਨਿਸ ਵੀ ਹਾਜ਼ਰ ਸਨ। ਬਸੰਤ ਮੋਟਰਜ ਵਲੋਂ ਪ੍ਰੀਮੀਅਰ ਪ੍ਰੀਮੀਅਰ ਡੇਵਿਡ ਈਬੀ ਦਾ ਵਿਸ਼ੇਸ਼ ਯਾਦਗਾਰੀ ਚਿੰਨ ਨਾਲ ਸਨਮਾਨ ਕੀਤਾ ਗਿਆ। ਬਸੰਤ ਮੋਟਰਜ਼ ਦੀ 32 ਵੀਂ ਵਰ੍ਹੇਗੰਢ ਤੇ ਸਮਾਜਿਕ ਸੇਵਾ ਵਿੱਚ ਇੱਕ ਹੋਰ ਵੱਡਾ ਕਦਮ ਪੁਟਦਿਆਂ ਬਸੰਤ ਮੋਟਰਜ਼ ਦੇ ਬਲਦੇਵ ਸਿੰਘ ਬਾਠ ਵੱਲੋਂ ਸਰੀ ਵਿਚ ਸਰਕਾਰ ਵਲੋਂ ਬਣਾਏ ਜਾ ਰਹੇ ਹਸਪਤਾਲ ਲਈ 32,000 ਡਾਲਰ ਅਤੇ ਨਾਲ ਹੀ 3200 ਡਾਲਰ ਦਾ ਚੈਕ ਸਰੀ ਫੂਡ ਬੈਂਕ ਨੂੰ ਦਿੱਤਾ ਗਿਆ।

ਉਨ੍ਹਾਂ ਇਸ ਸਮੈਂ ਅਪੀਲ ਕੀਤੀ ਕਿ ਸਰੀ ਦੀ ਅਬਾਦੀ ਨੂੰ ਦੇਖਦਿਆਂ ਹਸਪਤਾਲ ਵਿੱਚ ਡਾਕਟਰਾਂ,ਬੈਡ ਅਤੇ ਸਹੂਲਤਾਂ ਵਿੱਚ ਵਾਧਾ ਕੀਤਾ ਜਾਵੇ।

ਇਸ ਮੌਕੇ ਪ੍ਰਮੁੱਖ ਸ਼ਖਸੀਅਤਾਂ ਵਿਚ ਹੋਰਨਾਂ ਤੋ ਇਲਾਵਾ ਉਘੇ ਸਿੱਖ ਆਗੂ ਸ ਗਿਆਨ ਸਿੰਘ ਸੰਧੂ, ਸ ਸੁਰਿੰਦਰ ਸਿੰਘ ਜੱਬਲ, ਜਤਿੰਦਰ (ਜੇ) ਸਿੰਘ ਮਿਨਹਾਸ, ਸ ਬੰਤਾ ਸਿੰਘ ਸਭਰਵਾਲ , ਡਾ ਪ੍ਰਗਟ ਸਿੰਘ ਭੁਰਜੀ, ਪ੍ਰੋ ਪ੍ਰਿਤਪਾਲ ਸਿੰਘ ਸੋਹੀ, ਪ੍ਰੋ ਲਖਵਿੰਦਰ ਸਿੰਘ ਗਿੱਲ, ਕੁਲਵਿੰਦਰ ਸਿੰਘ ਸੰਘੇੜਾ, ਸੁਰਜੀਤ ਸਿੰਘ ਮਾਧੋਪੁਰੀ, , ਸੁਰਜੀਤ ਸਿੰਘ ਬਾਠ, ਪ੍ਰੋ ਅਵਤਾਰ ਸਿੰਘ ਵਿਰਦੀ ਤੇ ਮੀਡੀਆ ਸ਼ਖਸੀਅਤਾਂ ਵਿਚ ਡਾ ਗੁਰਵਿੰਦਰ ਸਿੰਘ ਧਾਲੀਵਾਲ, ਸੰਤੋਖ ਸਿੰਘ ਮੰਡੇਰ, ਨਵਜੋਤ ਢਿੱਲੋਂ, ਬਲਜਿੰਦਰ ਸਿੰਘ ਅਟਵਾਲ, ਹਰਜਿੰਦਰ ਸਿੰਘ ਥਿੰਦ, ਰਵੀ ਚੀਮਾ, ਹਰਦਮ ਮਾਨ, ਹਰਪ੍ਰੀਤ ਸਿੰਘ, ਪਰਮੀਤ ਕਾਮਰਾ, ਲੱਕੀ ਰੰਧਾਵਾ,ਤਰਲੋਚਨ ਸਿੰਘ ਚੰਡੀਗੜ, , ਸੋਨੀਆ ਵੈਸਟ ਤੇ ਅਮਰ ਢਿੱਲੋਂ ਹਾਜ਼ਰ ਸਨ।

ਇਸ ਸ਼ੁਭ ਅਵਸਰ ਤੇ ਅਦਾਰਾ "ਪੰਜਾਬ ਗਾਰਡੀਅਨ" ਵੱਲੋਂ ਸਰਦਾਰ ਬਲਦੇਵ ਸਿੰਘ ਬਾਠ ਅਤੇ ਬਸੰਤ ਮੋਟਰਜ ਦੀ ਸਮੁੱਚੀ ਨੂੰ ਟੀਮ ਨੂੰ ਬਹੁਤ ਬਹੁਤ ਮੁਬਾਰਕਾਂ।














ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਮਦਰ ਇੰਡੀਆ

## CELEBRATING




# ਸ਼ਿਲਾਜੀਤ




ਗੋਡਿਆਂ ਮੋਢਿਆਂ ਦੇ ਦਰਦ ਤੋਂ ਨਿਜਾਤ ਪਾਉਣ ਲਈ ਮਦਰ ਇੰਡੀਆ ਦੀ ਖਾਲਸ ਸ਼ਿਲਾਜੀਤ ਵਰਤੋ ਜੋ ਅਨਰਜੀ ਬੂਸਟ ਲਈ ਅਤਿਅੰਤ ਲਾਹੇਵੰਦ ਹੈ

Mother india

## Attar (Profume)

Now Available




Mother India



ਨਰੇਸ਼ ਸ਼ੁਕਲਾ

Email:nareshcanada@hotmail.com

6647-Main Street (50th Ave.)

Vancouver BC V5X 3H3




ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ

# TEL: 604-430-6072

OZLA

# OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES
*BOX BEDS *HEADBOARDS
*DRESSERS *CHESTS
*MIRROR *SIDE TABLES

**MADE IN CANADA**

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

# 604-372-2122

Email:info@ozla.ca #109-18669 52 AVE SURREY, BC www.ozla.ca


*Top Quality *Friendly Service * On Time & Free Delivery
ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ
FIRST CHOICE FURNITURE LIQUIDATORS
7743-128St Surrey, BC (Opposite to Subway)
ਕਨੇਡੀਅਨ ਮੇਡ ਸੋਫਾ
ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ
ਕਨੇਡੀਅਨ ਮੇਡ ਸੋਫਾ
ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ
ਡਾਈਨਿੰਗ ਟੇਬਲ
6 ਕੁਰਸੀਆਂ ਸਮੇਤ
$899.00
ਬਾਕਸ ਬੈੱਡ
ਸੁਪਰ ਫੈਂਸੀ
HB, FB Rail ਸਮੇਤ
HB Box Bed
$899.00
ਬਾਕਸ ਬੈੱਡ
ਫੈਂਸੀ ਟਫਟਡ
HB, FB Rail ਸਮੇਤ
Foam Mattress
Single $99 Double $129 Queen $149
Matresses
Single $149.00 Double $249.00
Queen $299.00
ਗੌਦਰੇਜ
ਦੀ ਅਲਮਾਰੀ
ਕੀਮਤ
$599.00
Paul Narwal & Patrick 604-503-4457 ਜਾਂ 236-868-1628

# ‘ਜੋ ਅਕਾਲੀ ਤਨਖ਼ਾਹ ਲਾਏ ਬਿਨਾਂ ਨਹੀਂ ਕਰਦੇ, ਰਾਹੁਲ ਉਹ ਕਰ ਗਏ’







ਅੰਮ੍ਰਿਤਸਰ:-ਗਾਂਧੀ ਪਰਿਵਾਰ ਦੀ ਸੱਤਾ ਦੌਰਾਨ ਜੂਨ 1984 ਵਿੱਚ ਦਰਬਾਰ ਸਾਹਿਬ ਉੱਤੇ ਫੌਜੀ ਕਾਰਵਾਈ ਹੋਣ ਅਤੇ ਇਸੇ ਸਾਲ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਨਵੰਬਰ ਵਿੱਚ ਕਈ ਸ਼ਹਿਰਾਂ ਵਿੱਚ ਸਿੱਖ ਕਤਲੇਆਮ ਹੋਇਆ ਸੀ।ਰਾਹੁਲ ਗਾਂਧੀ ਵੱਖ-ਵੱਖ ਸਮੇਂ ਸ੍ਰੀ ਦਰਬਾਰ ਸਾਹਿਬ ਆਉਂਦੇ ਰਹੇ ਹਨ, ਪਰ ਇਸ ਵਾਰ ਉਨ੍ਹਾਂ ਇੱਥੇ ਆਮ ਨਾਲੋਂ ਵੱਧ ਸਮਾਂ ਬਿਤਾਇਆ ਅਤੇ ਫੇਰੀ ਨੂੰ ਗ਼ੈਰ-ਰਾਜਨੀਤਿਕ ਰੂਪ ਵਿੱਚ ਪੇਸ਼ ਕੀਤਾ।ਦੋਵੇਂ ਦਿਨ ਪੰਜਾਬ ਕਾਂਗਰਸ ਦਾ ਕੋਈ ਵੀ ਵੱਡਾ ਚਿਹਰਾ ਰਾਹੁਲ ਗਾਂਧੀ ਨਾਲ ਸ੍ਰੀ ਦਰਬਾਰ ਸਾਹਿਬ ਨਹੀਂ ਗਿਆ।ਰਾਹੁਲ ਗਾਂਧੀ ਨੇ ਫੇਰੀ ਦੌਰਾਨ ਮੀਡੀਆ ਨੂੰ ਵੀ ਕੋਈ ਵੀ ਬਿਆਨ ਨਹੀਂ ਦਿੱਤਾ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਰਾਹੁਲ ਦੀ ਸੇਵਾ ਦਾ ਤਾਂ ਸਵਾਗਤ ਕੀਤਾ ਪਰ ਨਾਲ ਹੀ ਉਨ੍ਹਾਂ ਦੇ ਖ਼ਾਨਦਾਨ ਦੀਆਂ ਕਾਰਵਾਈਆਂ ਨੂੰ ਲੈ ਕੇ ਸਟੈਂਡ ਸਪੱਸ਼ਟ ਕਰਨ ਲਈ ਵੀ ਕਿਹਾ।ਖ਼ਾਲਿਦ ਨੇ ਕਿਹਾ, “ਜਿਵੇਂ ਇਸ ਵੇਲੇ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ‘ਖ਼ਾਲਿਸਤਾਨੀਆਂ’ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਇਸ ਸੰਦਰਭ ਵਿੱਚ ਰਾਹੁਲ ਗਾਂਧੀ ਦਾ ਸ੍ਰੀ ਦਰਬਾਰ ਸਾਹਿਬ ਆਉਣਾ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦਾ ਸੁਨੇਹਾ ਦਿੰਦਾ ਹੈ।”ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਆਗੂਆਂ ਨੇ ਰਾਹੁਲ ਗਾਂਧੀ ਦੇ ਵਿਰੋਧ ਵਿੱਚ ਬਾਰੇ ਸਖ਼ਤ ਪ੍ਰਤੀਕਰਮ ਜ਼ਾਹਰ ਕੀਤਾ ਹੈ।ਉਨ੍ਹਾਂ ਰਾਹੁਲ ਗਾਂਧੀ ਨੂੰ 1984 ਵਿੱਚ ਹੋਏ ਸ੍ਰੀ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਅਤੇ ਦਿੱਲੀ ਤੇ ਹੋਰ ਸ਼ਹਿਰਾਂ ਵਿੱਚ ਹੋਏ ਸਿੱਖ ਕਤਲੇਆਮ ਲਈ ਮੁਆਫ਼ੀ ਮੰਗਣ ਲਈ ਕਿਹਾ।ਪੰਜਾਬ ਦੀ ਰਾਜਨੀਤੀ ਬਾਰੇ ਸਮਝ ਰੱਖਣ ਵਾਲੇ ਮਾਹਰਾਂ ਦਾ ਮੰਨਣਾ ਹੈ ਕਿ ਰਾਹੁਲ ਗਾਂਧੀ ਦੀ ਫੇਰੀ ਦੇ ਕਈ ਸਕਾਰਾਤਮਕ ਨਤੀਜੇ ਹੋ ਸਕਦੇ ਹਨ।ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਨੂੰ ਇੰਡੀਆ ਗਠਜੋੜ ਸਾਹਮਣੇ ਮੁਸ਼ਕਲਾਂ, 2024 ਦੀਆਂ ਚੋਣਾਂ ਅਤੇ ਦੇਸ ਵਿੱਚ ਘੱਟਗਿਣਤੀਆਂ ਦੀ ਸਥਿਤੀ ਦੇ ਪੱਖ ਤੋਂ ਵੀ ਦੇਖਣਾ ਚਾਹੀਦਾ ਹੈ।ਮੁਸਲਮਾਨ ਸੰਸਦ ਮੈਂਬਰ ਨੂੰ ਭਾਜਪਾ ਆਗੂ ਵੱਲੋਂ ਮਾੜੀ ਸ਼ਬਦਾਵਲੀ ਵਰਤੀ ਗਈ ਅਤੇ ਰਾਹੁਲ ਗਾਂਧੀ ਉਨ੍ਹਾਂ ਨਾਲ ਮੁਲਾਕਾਤ ਕਰਨ ਲਈ ਗਏ।“ਰਾਹੁਲ ਗਾਂਧੀ ਦਾ ਦਰਬਾਰ ਸਾਹਿਬ ਆਉਣਾ ਇਹ ਸੁਨੇਹਾ ਦਿੰਦਾ ਹੈ ਕਿ ਅਸੀਂ ਘੱਟਗਿਣਤੀਆਂ ਨੂੰ ਨਾਲ ਲੈ ਕੇ ਚੱਲਣਾ ਚਾਹੁੰਦਾ ਹੈ।”ਰਾਹੁਲ ਗਾਂਧੀ ਨਹੀਂ ਚਾਹੁੰਦੇ ਸਨ ਕਿ ਕਿਸੇ ਨੂੰ ਵੀ ਉਨ੍ਹਾਂ ਦੇ ਦਰਬਾਰ ਸਾਹਿਬ ਜਾਣ ਨਾਲ ਕੋਈ ਤਕਲੀਫ ਹੋਵੇ।ਉਨ੍ਹਾਂ ਨੇ ਸਰਬੱਤ ਦੇ ਭਲੇ ਦੀ ਹੀ ਅਰਦਾਸ ਕੀਤੀ ਹੈ।ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦੇ ਜਨਰਲ ਸਕੱਤਰ ਖੁਸ਼ਹਾਲ ਸਿੰਘ ਨੇ ਕਿਹਾ ਕਿ ਹਾਲਾਂਕਿ ਗਾਂਧੀ ਪਰਿਵਾਰ ਦੇ ਨਾਂਅ ਉੱਤੇ ਪੰਜਾਬ ਵਿੱਚ ਬਹੁਤ ਸਿਆਸਤ ਹੋਈ ਹੈ, ਪਰ ਵਿਅਕਤੀਗਤ ਪੱਧਰ ਉੱਤੇ ਰਾਹੁਲ ਗਾਂਧੀ ਦਾ ਰਵੱਈਆ ਪੰਜਾਬ ਬਾਰੇ ਬਾਕੀਆਂ ਨਾਲੋਂ ਦਰੁਸਤ ਹੈ।ਉਨ੍ਹਾਂ ਕਿਹਾ ਕਿ ਰਾਜਾਂ ਦੇ ਹੱਕ, ਖ਼ੁਦ-ਮੁਖਤਿਆਰੀ ਬਾਰੇ ਰਾਹੁਲ ਗਾਂਧੀ ਦੇ ਵਿਚਾਰ ਠੀਕ ਹਨ।ਉਨ੍ਹਾਂ ਕਿਹਾ, “ਇਹ ਗੱਲ ਠੀਕ ਹੈ ਕਿ 1984 ਇਤਿਹਾਸ ਦਾ ਇੱਕ ਵੱਡਾ ਅਧਿਆਏ ਹੈ, ਪਰ ਭਾਜਪਾ ਦੇ ਕਈ ਆਗੂ ਵੀ ਦਰਬਾਰ ਸਾਹਿਬ ਦੇ ਹਮਲੇ ਦੇ ਪੱਖ ਵਿੱਚ ਸਨ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਨਾਲ ਗੱਠਜੋੜ ਵਿੱਚ ਸਰਕਾਰ ਬਣਾਉਂਦਾ ਰਿਹਾ ਹੈ, ਇਸ ਲਈ ਇਹ ਮਸਲਾ 1984 ਨੂੰ ਅੱਗੇ ਰੱਖ ਕੇ ਨਹੀ ਵਿਚਾਰਨਾ ਚਾਹੀਦਾ।”ਉਨ੍ਹਾਂ ਕਿਹਾ ਕਿ ਕੋਈ ਵੀ ਕਿਸੇ ਤਰ੍ਹਾਂ ਦੀ ਮਨਸ਼ਾ, ਭਾਵੇਂ ਉਹ ਰਾਜਨੀਤਿਕ ਹੋਵੇ ਲੈ ਕੇ ਦਰਬਾਰ ਸਾਹਿਬ ਜਾ ਸਕਦਾ ਹੈ, ਹਰੇਕ ਨੂੰ ਇਸਦਾ ਹੱਕ ਹੈ, ਹਰੇਕ ਪਾਰਟੀ ਦੇ ਲੋਕ ਗੁਰੂ ਅੱਗੇ ਅਰਦਾਸ ਕਰਦੇ ਹਨ, ਇਹ ਸਿੱਖੀ ਜਾਂ ਮਾਨਵਤਾ ਦੇ ਖ਼ਿਲਾਫ਼ ਨਹੀਂ ਹੈ।ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ ਰਾਹੁਲ ਦੀ ਫੇਰੀ ਰਾਜਨੀਤਿਕ ਤੌਰ ‘ਤੇ ਇੱਕ ਬਹੁਤ ਸੋਚਿਆ ਸਮਝਿਆ ਕਦਮ ਹੈ।“ਇੱਥੋਂ ਤੱਕ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵੀ ਤਨਖਾਹ (ਧਾਰਮਿਕ ਸਜ਼ਾ) ਤੋਂ ਬਗੈਰ ਇਸ ਤਰ੍ਹਾ ਸੇਵਾ ਨਹੀਂ ਕਰਦੇ, ਇਸ ਮੌਕੇ ਉਹ ਜਿਹੋ ਜਿਹੇ ਸਨ, ਉਹੋ ਜਿਹੇ ਬਣ ਕੇ ਗਏ।’ਸਿੱਧੂ ਨੇ ਕਿਹਾ, “ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਕਾਰਨ ਸਿੱਖਾਂ ਦੇ ਮਨ ਵਿੱਚ ਗਾਂਧੀ ਪਰਿਵਾਰ ਪ੍ਰਤੀ ਨਫ਼ਰਤ ਹੈ, ਰਾਹੁਲ ਗਾਂਧੀ ਦੀ ਇਹ ਫੇਰੀ ਸੰਕੇਤਾਮਕ ਤੌਰ ‘ਤੇ ਉਸਦਾ ਇੱਕ ਪਸ਼ਚਾਤਾਪ ਹੈ।”ਉਨ੍ਹਾਂ ਕਿਹਾ ਕਿ ਇਹ ਅਕਾਲੀ ਦਲ ਅਤੇ ਜਾਂ ਹੋਰ ਪਾਰਟੀਆਂ ਦੇ ਦਰਬਾਰ ਸਾਹਿਬ ਉੱਤੇ ਹਮਲੇ ਲਈ ਕਾਂਗਰਸ ਦੇ ਕੀਤੇ ਜਾਂਦੇ ਵਿਰੋਧ ਦਾ ਇੱਕ ਜਵਾਬ ਵੀ ਹੈ।ਇਸਦਾ ਸਿਆਸੀ ਮਹੱਤਵ 2024 ਦੇ ਨਜ਼ਰੀਏ ਤੋਂ ਵੀ ਮਹੱਤਵ ਰੱਖਦਾ ਹੈ, ਇਸ ਨਾਲ ਕਾਂਗਰਸ ਦੀ ਸਿੱਖਾਂ ਵਿੱਚ ਪ੍ਰਵਾਨਗੀ ਵਧੇਗੀ।”ਉਨ੍ਹਾਂ ਕਿਹਾ, “ਇਸ ਵੇਲੇ ਸਿੱਖਾਂ ਨੂੰ ਵੱਖਵਾਦੀ ਅਤੇ ਅੱਤਵਾਦੀ ਲੇਬਲ ਕੀਤਾ ਜਾ ਰਿਹਾ ਹੈ। ਇਸ ਫੇਰੀ ਨਾਲ ਉਨ੍ਹਾਂ ਨੇ ਸਿੱਖ ਵਿਰੋਧੀ ਪ੍ਰਚਾਰ ਦੀ ਵੀ ਫੂਕ ਕੱਢੀ ਹੈ।”

## ਰਾਹੁਲ ਵੱਲੋਂ ਸ੍ਰੀ ਦਰਬਾਰ ਸਾਹਿਬ ਵਿੱਚ ਸੇਵਾ

ਸਿੱਖ ਧਰਮ ਦੇ ਸਭ ਤੋਂ ਦੁਸ਼ਮਣ ਅਤੇ ਜਾਲਮ ਪਰਿਵਾਰ ਨਹਿਰੂ-ਗਾਂਧੀ ਪਰਿਵਾਰ ਦੇ ਫਰਜੰਦ ਰਾਹੁਲ ਗਾਂਧੀ, ਜਿਹੜੇ ਸਿੱਖਾਂ ਦੇ ਸੱਚਖੰਡ ਨੂੰ ਟੈਂਕਾਂ ਤੋਪਾਂ ਨਾਲ ਢਾਹੁਣ ਲਈ ਅਤੇ ਹਜ਼ਾਰਾਂ ਬੇਗੁਨਾਹ ਸੰਗਤਾਂ ਦ ਕਤਲੇਆਮ ਤੇ ਕੌਮ ਦੀ ਰੂਹ ਸੰਤ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਰਵਾਉਣ ਲਈ ਜੁੰਮੇਵਾਰ ਸੀ। ਉਸਦਾ ਰਾਹੁਲ ਗਾਂਧੀ ਦਾ ਪਿਉ ਰਜੀਂਵ ਗਾਂਧੀ ਆਪਣੀ ਮਾਂ ਵਾਂਗੂੰ ਨਵੰਬਰ 1984 ਸਿੱਖ ਕਤਲੇਆਮ ਦਾ ਜੁੰਮੇਵਾਰ ਸੀ, ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਤਾਂ ਹਿਲਦੀ ਹੈ’ ਆਖਿਆ ਸੀ। ਰਜੀਵ ਦਾ ਨਾਨਾ ਪੰਡਤ ਜਵਾਹਰ ਲਾਲ ਨਹਿਰੂ ਤੇ ਉਸਦਾ ਬਾਪ ਮੋਤੀ ਲਾਲ ਨਹਿਰੂ ਸਿੱਖਾਂ ਦੇ ਧੁਰ ਅੰਦਰੋਂ ਦੁਸ਼ਮਣ ਰਹੇ ਹਨ। ਜੇ ਇਹ ਕਹਿ ਲਈਏ ਕਿ ਇਹ ਗਾਂਧੀ-ਨਹਿਰੂ ਵੀ ਸ਼ੁਰੂ ਤੋਂ ਸਿੱਖਾਂ ਦੇ ਦੁਸ਼ਮਣ ਸਨ। ਅਸਲ ਇਹ ਖਾਨਦਾਨ ਆਪਣੇ ਵੱਡੇ-ਵਡੇਰਿਆਂ ਗੰਗੂ ਤੋਂ ਲੈ ਕੇ ਸਿੱਖ ਵਿਰੋਧੀ ਭਾਵਨਾ ਰੱਖਦਾ ਸੀ। ਐਨੀ ਸਖ਼ਤ ਦੁਸ਼ਮਣੀ ਹੁੰਦਿਆ ਹੋਇਆ ਵੀ ਜਿਸ ਤਰਾ ਦਰਬਾਰ ਸਾਹਿਬ ਦੀ ਯਾਤਰਾ ਸਮੇਂ ਸਿੱਖ ਸੰਗਤਾਂ ਨੇ ਦਿਲ ਖੋਲ੍ਹ ਕੇ ਰਾਹੁਲ ਗਾਂਧੀ ਨੂੰ ਜੀ ਆਇਆ ਨੂੰ ਆਖਦਿਆ ਉਸਨੂੰ ਹਰ ਤਰ੍ਹਾਂ ਦੀ ਖੁੱਲ ਅਤੇ ਸੁਰੱਖਿਆ ਦਿੱਤੀ ਸਾਡਾ ਇਹ ਵੀ ਦਾਅਵਾ ਕਿ ਗੁਰੂ ਰਾਮਦਾਸ ਜੀ ਦੇ ਇਸ ਘਰ ‘ਚ ਕੋਈ ਆਵੇ ਕੋਈ ਜਾਵੇ, ਪਰ ਬੁਰੀ ਨੀਅਤ ਨਾਲ ਨਾਂਹ ਆਵੇ। ਰਾਹੁਲ ਗਾਂਧੀ ਦੀ ਇਸ ਯਾਤਰਾ ਦੇ ਕੁਝ ਹੋਰ ਰਾਜਨੀਤਿਕ ਅਰਥ ਵੀ ਕੱਢ ਰਹੇ ਹਨ। ਠੀਕ ਹੈ ਰਾਹੁਲ ਗਾਂਧੀ ਰਾਜਨੀਤਿਕ ਹੈ ਤੇ ਭਵਿੱਖੀ ਪ੍ਰਧਾਨ ਮੰਤਰੀ ਦਾ ਦਾਅਵੇਦਾਰ, ਇਸ ਲਈ ਉਸਦੀ ਸ੍ਰੀ ਦਰਬਾਰ ਸਾਹਿਬ ਨੂੰ 3 ਦਿਨ ਦੇਣ ਦਾ ਕੋਈ ਮਨਸੂਬਾ ਵੀ ਹੋ ਸਕਦਾ ਹੈ। ਪ੍ਰੰਤੂ ਨੰਬਰ ਕਿਸੇ ਦੇ ਬਣੇ ? ਸਿੱਖ ਸੰਗਤਾਂ ਦੇ, ਸ਼੍ਰੋਮਣੀ ਕਮੇਟੀ ਦੇ, ਜਿਨ੍ਹਾਂ ਰਾਹੁਲ ਗਾਂਧੀ ਦੀ ਯਾਤਰਾ ਸਮੇਂ ਪੂਰਾ- ਪੂਰਾ ਸਾਥ ਦਿੱਤਾ। ਰਾਹੁਲ ਗਾਂਧੀ ਨੇ ਆਪ ਆਖਿਆ ਕਿ ਉਹ ਸਿਰਫ਼ ਤੇ ਸਿਰਫ ਨਿੱਜੀ ਯਾਤਰਾ ਤੇ ਹਨ, ਇਸੇ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਕਿਸੇ ਆਗੂ ਨੂੰ ਵੀ ਨੇੜੇ ਨਹੀਂ ਫਟਕਣ ਦਿੱਤਾ ਰਾਹੁਲ ਗਾਂਧੀ ਦੇ ਇਸ ਦੌਰਾਨ ਪੂਰੇ ਨੰਬਰ ਬਣਾਉਣ ‘ਚ ਸਫ਼ਲ ਰਹੇ ਹਨ।ਅਚੰਭੇ ਵਾਲੀ ਗੱਲ੍ਹ ਹੋਵੇਗੀ ਕਿ ਰਾਹੁਲ ਗਾਂਧੀ 3 ਦਿਨ ਦਰਬਾਰ ਸਾਹਿਬ ‘ਚ ਰੁਕਿਆ ਰਿਹਾ ਅਤੇ ਹਰ ਤਰ੍ਹਾਂ ਸੇਵਾ ਕੀਤੀ। ਅਕਾਲੀ ਦਲ ਤਾਂ ਐਵੇਂ ਲੀਕ ਨੂੰ ਕੁੱਟੀ ਜਾਂਦਾ ਹੈ। ਭਾਜਪਾ ਦੇ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਕਿਤਾਬ ਮਾਈ ਕੰਟਰੀ ਮਾਈ ਲਾਈਫ਼’’ ‘ਚ ਸਾਫ਼ ਲਿਖਿਆ ਕਿ ਅਸੀਂ ਇੰਦਰਾ ਗਾਂਧੀ ਤੇ ਦਬਾਅ ਪਾਇਆ ਸੀ ਕਿ “ਉਹ ਦਰਬਾਰ ਸਾਹਿਬ ਤੇ ਛੇਤੀ ਤੋਂ ਛੇਤੀ ਹਮਲਾ ਕਰ”। ਬਾਦਲ ਦਲ ਉਸਦਾ ਵਿਰੋਧ ਕਿਉਂ ਨਹੀਂ ਕੀਤਾ ਜਦੋਂ ਉਹ ਦਰਬਾਰ ਸਾਹਿਬ ਆਇਆ ਸੀ ਉਲਟਾ ਉਸ ਪਾਰਟੀ ਨਾਲ ਯਾਰੀ ਪਾਉਂਦੇ ਹਨ।। ਜਦੋਂ ਤੱਕ ਸ਼੍ਰੋਮਣੀ ਅਕਾਲੀ ਦਲ ਅੰਦਰ- ਬਾਹਰ ਸਾਫ਼ ਨਹੀਂ ਹੁੰਦਾ, ਲੋਕ ਉਸਨੂੰ ਸਵੀਕਾਰ ਨਹੀਂ ਕਰਨ ਲੱਗੇ। ਅਸੀਂ ਕਾਂਗਰਸ ਦੇ ਹੱਕ ਵਿੱਚ ਨਹੀਂ ਹਾਂ,ਇਨਾ ਨੇ ਸਿੱਖ ਕੌਮ ਨੂੰ ਬਹੁਤ ਦੁੱਖ ਦਿੱਤੇ ਹਨ, ਪਰ ਪੰਜਾਬ ਵਾਲੇ ਉਸ ਤੋਂ ਬਾਅਦ ਤਿੰਨ ਵਾਰੀ ਕਾਂਗਰਸ ਦੀ ਸਰਕਾਰ ਬਣਾ ਚੁੱਕੇ ਹਨ। ਹਰ ਗੱਲ੍ਹ ਨੂੰ ਰਾਜਸੀ ਰੰਗਤ ਦੇਣਾ ਵੀ ਠੀਕ ਨਹੀਂ। ਰਾਹੁਲ ਗਾਂਧੀ ਦਾ ਦਰਬਾਰ ਸਾਹਿਬ ਤੇ ਸਿੱਖ ਸੰਗਤਾਂ ਵੱਲ ਗਰਮਜੋਸ਼ੀ ਵਿਖਾਉਣੀ, ਉਸ ਵੱਲੋਂ ਨਿਰੰਤਰ ਸੇਵਾ ਕਰਨੀ ਅਤੇ ਸੇਵਾ ਲਈ 1 ਦਿਨ ਹੋਰ ਵਧਾਉਣਾ, ਕਈ ਡੂੰਘੀਆਂ ਰਮਜ਼ਾ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਤਿੰਨ ਦਿਨ ਸੇਵਾ ਕਰਨ ਤੋਂ ਬਾਅਦ ਰਾਹੁਲ ਗਾਂਧੀ ਜੇ ਗੱਲ੍ਹ ‘ਚ ਪੱਲਾ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਆ ਕੇ ਆਪਣੇ ਪਰਿਵਾਰ ਦੇ ਗੁਨਾਹਾਂ ਦੀ ਮਾਫ਼ੀ ਮੰਗ ਲਵੇ। ਫ਼ਿਰ ਭਾਜਪਾ, ਅਕਾਲੀ ਦਲ ਵਾਲੇ ਜਿਹੜੇ ਅੱਜ ਡੰਫਲੀ ਵਜਾਉਂਦੇ ਫਿਰ ਰਹੇ ਹਨ, ਕੀ ਮੂੰਹ ਵਿਖਾਉਣਗੇ।

**-ਜਸਪਾਲ ਸਿੰਘ ਹੇਰਾਂ**




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂਘਰ ਦੇ ਸ਼ਰਧਾਲੂ ਬੀਬੀ ਸੁਖਰਾਜ ਕੌਰ ਬਲ ਸੁਪਤਨੀ ਭਾਈ ਹਰਦੇਵ ਸਿੰਘ ਬਲ ਵਲੋਂ ਆਪਣੇ ਸਪੁੱਤਰ ਕਾਕਾ ਹਰਮਨਦੇਵ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ।
ਆਪ ਜੀ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਗੁਰੂਘਰ ਦੇ ਸ਼ਰਧਾਲੂ ਪ੍ਰਮਾਰ ਪਰਿਵਾਰ ਵਲੋਂ ਐਤਵਾਰ ਨੂੰ ਬਲ ਪਰਿਵਾਰ ਨਾਲ ਲੰਗਰ ਦੀ ਸੇਵਾ ਹੋਵੇਗੀ।
ਅਰੰਭ ਸ੍ਰੀ ਅਖੰਡ ਪਾਠ ਸਾਹਿਬ- 6 ਅਕਤੂਬਰ 2023, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 8 ਅਕਤੂਬਰ 2023, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਗੁਰੂ ਕਾ ਲੰਗਰ ਤਿੰਨ ਦਿਨ ਅਤੁੱਟ ਵਰਤੇਗਾ।

6 ਅਕਤੂਬਰ, ਦਿਨ ਸ਼ੁੱਕਰਵਾਰ.......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
7 ਅਕਤੂਬਰ ਦਿਨ ਸ਼ਨਿੱਚਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
7 ਅਕਤੂਬਰ ਦਿਨ ਸ਼ਨਿੱਚਰਵਾਰ......ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸਤਨਾਮ ਸਿੰਘ ਜੌਹਲ ਅਤੇ ਪਰਿਵਾਰ ਵਲੋਂ ਹੋਵੇਗੀ।
7 ਅਕਤੂਬਰ ਦਿਨ ਸ਼ਨਿੱਚਰਵਾਰ......ਸ਼ਾਮ ਨੂੰ 6:30 ਵਜੇ ਜ਼ਫ਼ਰਨਾਮਾ ਨਾਟਕੀ ਢੰਗ ਦੁਆਰਾ ਦਿਖਾਇਆ ਜਾਵੇਗਾ।
8 ਅਕਤੂਬਰ, ਦਿਨ ਐਤਵਾਰ.........ਸਵੇਰੇ 12:30 ਵਜੇ ਸੀਨੀਅਰ ਸੈਂਟਰ ਦਾ ਉਦਘਾਟਨ ਕੀਤਾ ਜਾਵੇਗਾ।
8 ਅਕਤੂਬਰ, ਦਿਨ ਐਤਵਾਰ.........ਸਵੇਰੇ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਮਨਜੀਤ ਕੌਰ ਮਿਨਹਾਸ ਵਲੋਂ ਹੋਵੇਗੀ।
14 ਅਕਤੂਬਰ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਅਨੰਦ ਕਾਰਜ ਹੋਵੇਗਾ।
14 ਅਕਤੂਬਰ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਸਵੰਤ ਸਿੰਘ ਢਡਾ ਅਤੇ ਪਰਿਵਾਰ ਵਲੋਂ ਹੋਵੇਗੀ।
15 ਅਕਤੂਬਰ, ਦਿਨ ਐਤਵਾਰ.......ਸਵੇਰੇ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।
15 ਅਕਤੂਬਰ, ਦਿਨ ਐਤਵਾਰ.......ਸੰਗਰਾਂਦ ਦਾ ਦਿਹਾੜਾ ਹੈ ਸ਼ਾਮ ਨੂੰ ਦੀਵਾਨ ਸਜਣਗੇ।
17 ਅਕਤੂਬਰ, ਦਿਨ ਮੰਗਲਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117




ਸਿੱਖ ਕੌਮ ਦੀ ਸਿਰ ਕੱਢ ਸਖਸ਼ੀਅਤ, ਕੈਮਲੂਪਸ ਨਿਵਾਸੀ ਗਿਆਨੀ ਕੇਵਲ ਸਿੰਘ ਨਿਰਦੋਸ਼ ਜੀ ਵੱਲੋਂ ਇਸ ਹਫਤੇ ਆਪਣੀ ਪੈਂਤੀਵੀਂ ਕਿਤਾਬ 'ਸਲੋਕ ਵਾਰਾਂ ਤੇ ਵਧੀਕ' ਬਾਣੀ ਦਾ ਭਾਵ ਅਰਥੀ ਕਾਵਿ ਟੀਕਾ ਸਿੱਖਾਂ ਦੀ ਝੋਲੀ ਵਿੱਚ ਪਾਇਆ ਗਿਆ। ਐਤਵਾਰ ਪਹਿਲੀ ਅਕਤੂਬਰ ਗਿਆਨੀ ਜੀ ਹੁਰਾਂ ਨੂੰ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ, ਜਿੱਥੇ ਕਿ ਉਨ੍ਹਾ ਵੱਲੋਂ ਮੁੱਢਲੇ ਗ੍ਰੰਥੀ ਜੀ ਵਜੋਂ ਸੇਵਾ ਨਿਭਾਈ ਗਈ ਸੀ, ਵਿਖੇ ਉਨ੍ਹਾ ਵੱਲੋਂ ਕੀਤੀਆਂ ਪੰਥਕ ਸੇਵਾਵਾਂ, ਕਾਵਿ ਰੂਪ ਵਿੱਚ ਸਿੱਖ ਇਤਿਹਾਸ ਅਤੇ ਗੁਰਬਾਣੀ ਵਿਆਖਿਆ ਲਿਖਣ ਲਈ ਸਨਮਾਨਿਤ ਕੀਤਾ ਗਿਆ।




ਇਸ ਐਤਵਾਰ ਪਹਿਲੀ ਅਕਤੂਬਰ ਨੂੰ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਵਿਖੇ ਕਨੇਡਾ ਦੇ ਜੰਮਪਲ ਸਿੱਖ ਬੱਚਿਆਂ ਵੱਲੋਂ ਖੇਡਾਂ ਦੇ ਖੇਤਰ ਵਿੱਚ ਮਾਰੀਆਂ ਮੱਲਾਂ ਲਈ ਸਨਮਾਨਿਤ ਕੀਤਾ ਗਿਆ।

ਰੁਸਤਮੇ ਹਿੰਦ ਪਹਿਲਵਾਨ ਹਰਜੀਤ ਸਿੰਘ ਬਿਲਿਨ ਦੀਆਂ ਬੱਚੀਆਂ, ਹੈਲਨਾ ਬਿਲਿਨ, ਜੀਨਤ ਬਿਲਿਨ, ਐਂਜਲਾ ਬਿਲਿਨ ਨੂੰ ਭਾਰ ਚੁੱਕਣ ਵਿੱਚ ਮੈਡਲ ਜਿੱਤਣ ਲਈ, ਮੰਨਤ ਕੌਰ ਹੁੰਦਲ ਨੂੰ ਕ੍ਰਿਕਟ ਵਿੱਚ, ਸੁਖਮਨਪ੍ਰੀਤ ਸਿੰਘ ਨੂੰ ਫੀਲਡ ਹਾਕੀ ਵਿੱਚ, ਨਿਸ਼ਾਨਪ੍ਰੀਤ ਸਿੰਘ ਰੰਧਾਵਾ ਨੂੰ ਰੈਸਲਿੰਗ ਵਿੱਚ ਸੋਨ ਤਮਗੇ ਜਿੱਤਣ ਲਈ ਅਤੇ ਆਪਣੇ ਸਮੇਂ ਦੇ ਮਸ਼ਹੂਰ ਰੈਸਲਰ ਭਾਈ ਬਲਬੀਰ ਸਿੰਘ ਢੇਸੀ ਉਰਫ ਸ਼ੀਰੀ ਦੇ ਸਪੁੱਤਰ ਅਮਰਵੀਰ ਸਿੰਘ ਢੇਸੀ ਵੱਲੋਂ ਸੋਨ ਤਮਗੇ ਜਿੱਤਣ ਲਈ ਸਨਮਾਨਿਤ ਕੀਤਾ ਗਿਆ।


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ:

1. ਨਗਰ ਸ਼ਰੀਹ ਜ਼ਿਲ੍ਹਾ ਜਲੰਧਰ ਦੀ ਸੰਗਤ ਵੱਲੋਂ
2. ਭਾਈ ਅਮਰਪ੍ਰੀਤ ਸਿੰਘ ਅਤੇ ਬੀਬੀ ਹਰਪ੍ਰੀਤ ਕੌਰ ਪਰਿਵਾਰ ਵੱਲੋਂ
3. ਭਾਈ ਮਨਜੀਤ ਸਿੰਘ ਸੇਖੋਂ ਪਰਿਵਾਰ ਵੱਲੋਂ

ਇਹ ਤਿੰਨੇ ਅਖੰਡਪਾਠ ਸਾਹਿਬ 6 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 8 ਅਕਤੂਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*7 ਅਕਤੂਬਰ ਦਿਨ ਸ਼ਨਿਚਰਵਾਰ ਬੀਬੀ ਸੁਰਜੀਤ ਕੌਰ ਗਿੱਲ ਦਾ ਅੰਤਮ ਸਸਕਾਰ ਸਵੇਰੇ 10 ਵਜੇ ਰਿਵਰ ਸਾਈਡ ਫਿਊਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਦੁਪਹਿਰ 12 ਵਜੇ ਹੋਵੇਗੀ।

*7 ਅਕਤੂਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਸੁਖਪਾਲ ਸਿੰਘ ਗਿੱਲ ਪਰਿਵਾਰ      2. ਭਾਈ ਗੁਰਪਾਲ ਸਿੰਘ ਸੰਧੂ ਪਰਿਵਾਰ

*8 ਅਕਤੂਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਬਲਜਿੰਦਰ ਸਿੰਘ ਅਟਵਾਲ ਪਰਿਵਾਰ ਵੱਲੋਂ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ,   ਕਥਾਵਾਚਕ:ਭਾਈ ਜਸਵਿੰਦਰ ਸਿੰਘ ਬਡਰੁੱਖਾਂ   ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਸੰਗੀਤਕਾਰ ਕੇਵਲ ਸਿੰਘ ਸਿਆੜ੍ਹ ਦਾ ਅਕਾਲ ਚਲਾਣਾ:ਸੰਗੀਤ ਜਗਤ ਨੂੰ ਵੱਡਾ ਘਾਟਾ



ਭਾਈ ਕੇਵਲ ਸਿੰਘ ਸਿਆੜ



ਸਿਆੜ੍ਹ (ਜਿਲਾ ਲੁਧਿਆਣਾ) ਦੇ ਨਿਵਾਸੀ ਸੋਗ ਪ੍ਰਗਟ ਕਰਦੇ ਹੋਏ

ਮੰਡੀ ਅਹਿਮਦਗੜ੍ਹ (ਪੰਜਾਬ ਗਾਰਡੀਅਨ ਬਿਉਰੋ:):- -ਪੰਜਾਬੀ ਸੰਗੀਤ ਜਗਤ ‘ਚ ਇਹ ਖ਼ਬਰ ਬਹੁਤ ਹੀ ਦੁਖੀ ਹਿਰਦੇ ਨਾਲ ਪੜ੍ਹੀ ਜਾਵੇਗੀ ਕਿ ਬਹੁਤ ਹੀ ਸੁਰੀਲੇ ‘ ਕਲਾਕਾਰ, ਪ੍ਰਸਿੱਧ ਬੈਂਜੋ ਮਾਸਟਰ ਤੇ ਸੋਸ਼ਲ ਆਗੂ ਬਾਈ ਕੇਵਲ ਸਿੰਘ ਸਿਆੜ੍ਹ ਦਾ ਅਚਾਨਕ ਹੀ ਦਿਹਾਂਤ ਹੋ ਗਿਆ ਹੈ । ਉਹ ਇਕ ਬਹੁਪੱਖੀ ਸ਼ਖ਼ਸੀਅਤ ਸਨ।ਕੇਵਲ ਸਿੰਘ ਸਿਆੜ੍ਹ ਜਿਥੇ ਇੱਕ ਸੁਰੀਲੇ ਕਲਾਕਾਰ ਸਨ ਉਥੇ ਉਹ ਸੰਤਾਂ ਮਹਾਂਪੁਰਸ਼ਾਂ ਦੇ ਬਹੁਤ ਨਜ਼ਦੀਕ ਰਹਿ ਕੇ ਗੁਰੂ ਆਸ਼ੇ ਅਨੁਸਾਰ ਜ਼ਿੰਦਗੀ ਬਤੀਤ ਕਰ ਰਹੇ ਸਨ। ਨਗਰ ਸਿਆੜ੍ਹ ਦੇ ਹਰੇਕ ਧਾਰਮਿਕ ਸਮਾਗਮ ਤੇ ਸਮਾਜਿਕ ਕੰਮਾਂ ਵਿਚ ਸੇਵਾਵਾਂ ਕਰਨ ਤੋਂ ਇਲਾਵਾ ਉਹ ਹਰ ਸਾਲ ਬਾਬਾ ਖ਼ਾਨਗਾਹ ਵਾਲਿਆਂ ਦੇ ਅਸਥਾਨਾਂ ਪਿੰਡ ਬੁਰਕੜਾ ਮੇਲੇ ‘ਤੇ ਹਾਜ਼ਰੀਆਂ ਭਰਦੇ ਸਨ। ਉਨ੍ਹਾ ਨੇ ਨਾਮਵਰ ਵੱਖ ਵੱਖ ਕਲਾਂਕਾਰਾਂ ਨਾਲ ਵਿਦੇਸ਼ਾਂ ਦੀ ਯਾਤਰਾਂ ਵੀ ਕੀਤੀ। । ਉਨ੍ਹਾਂ ਹਮੇਸ਼ਾ ਆਪਣੀ ਸੁਰੀਲੀ ਆਵਾਜ਼ ਰਾਹੀਂ ਸਮਾਜਿਕ ਕਦਰਾਂ ਕੀਮਤਾਂ ‘ਤੇ ਪਹਿਰਾ ਦਿੱਤਾ ਤੇ ਇਕ ਜ਼ਿੰਮੇਵਾਰੀ ਨਾਲ ਬਹੁਤ ਚੰਗਾ ਤੇ ਮਿਆਰੀ ਗਾਇਕੀ ਰਾਹੀਂ ਮਾਂ ਬੋਲੀ ਪੰਜਾਬੀ ਦੀ ਸੇਵਾ ਕੀਤੀ।ਉਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਸਿਆੜ੍ਹ ਵਿਖੇ ਕਰ ਦਿੱਤਾ ਗਿਆ ਹੈ। ਜਿਥੇ ਵੱਡੀ ਗਿਣਤੀ ‘ਚ ਪਰਿਵਾਰਕ ਮੈਂਬਰ, ਸਨੇਹੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਉਥੇ ਵਿਦੇਸ਼ਾਂ ਵਿੱਚ ਵਸਦੇ

ਪਿੰਡ ਸਿਆੜ੍ਹ ਨਿਵਾਸੀਆ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ।ਕੈਨੇਡਾ ਦੇ ਸ਼ਹਿਰ ਸਰੀ ਦੇ ਹਫਤਾ ਵਾਰੀ ਪੰਜਾਬੀ ਅਖਬਾਰ ਪੰਜਾਬ ਗਾਰਡੀਅਨ ਵਿੱਚ ਨਿਊਜ਼ ਡਰਾਇਕਟਰ ਸ.ਗੁਰਸੇਵ ਸਿੰਘ ਪੰਧੇਰ ਦੀ ਅਗਵਾਈ ਵਿੱਚ ਸਵਰਗਵਾਸੀ ਕੇਵਲ ਸਿੰਘ ਨਮਿਤ ਸ਼ੋਕ ਸਭਾ ਕੀਤੀ ਗਈ।ਜਿਸ ਮਾਰਕੀਟ ਕਮੇਟੀ ਮਲੌਦ ਦੇ ਸਾਬਕਾ ਪ੍ਰਧਾਨ ਕੰਵਲਜੀਤ ਸਿੰਘ ਸਿਆੜ੍ਹ,ਕਾਲਾ ਸਿੰਘ ਨੰਬਰਦਾਰ,ਗੁਰਮੇਲ ਸਿੰਘ ਜੇ.ਈ,ਮਾਸਟਰ ਗਿਆਨ ਸਿੰਘ,ਭਗਵੰਤ ਸਿੰਘ ਅਤੇ ਸੰਗੀਤ ਪ੍ਰੇਮੀ ਇਕੱਟੇ ਹੋਏ।ਉਨਾ ਨੇ ਕੇਵਮ ਸਿੰਘ ਦੇ ਜਾਣ ਨੂੰ ਸੰਗੀਤ ਜਗਤ ਵਿੱਚ ਵੱਡਾ ਘਾਟਾ ਦੱਸਿਆ।ਇਸ ਕੇਵਲ ਸਿੰਘ ਦੀ ਰੂਹ ਨੂੰ ਸ਼ਾਤੀ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਅਰਦਾਸ ਕੀਤੀ ਗਈ ਅਤੇ ਭਾਈ ਕੇਵਲ ਸਿੰਘ ਸਿਆੜ੍ਹ ਵਲੋਂ ਦਿੱਤੀਆਂ।

# ਸ਼ਿਕਾਗੋ ਵਿੱਚ ਆਰਐਸਐਸ ਕਾਰਕੁਨ ਨੇ ਕੁਰਾਨ ਦੀ ਬੇਅਦਬੀ ਕੀਤੀ

ਸ਼ਿਕਾਗੋ:ਯੂਰਪ ਅਤੇ ਕੈਨੇਡਾ ਤੋਂ ਬਾਅਦ ਹੁਣ ਨਰਿੰਦਰ ਮੋਦੀ ਦੀ ਹਿੰਦੂਤਵ ਤੋਂ ਪ੍ਰੇਰਿਤ ਸ਼ਾਸਨ ਅਧੀਨ` ਅਮਰੀਕਾ ਵਿੱਚ ਵੀ ਹਿੰਦੂ ਤਵੀ ਆਪਣਾਂ ਘਿਨਾਉਣਾ ਚਿਹਰਾ ਦਿਖਾ ਰਹੇ ਹਨ। ਰਾਸ਼ਟਰੀ ਸਵੈਮ ਸੇਵਕ ਸੰਘ ਨਾਲ ਸਬੰਧਤ ਪ੍ਰੀਵਾਰ ਦੇ ਬੱਚੇ ਨੇ ਸ਼ਿਕਾਗੋ ਵਿੱਚ ਪਵਿੱਤਰ ਕੁਰਾਨ ਦੀ ਬੇਅਦਬੀ ਕੀਤੀ ਹੈ।16 ਸਾਲਾ ਹਾਈ ਸਕੂਲ ਦੇ ਵਿਦਿਆਰਥੀ ਦੁਆਰਾ ਕੁਰਾਨ ਦੀ ਇੱਕ ਕਾਪੀ ਸਾੜ ਦਿੱਤੀ ਗਈ।ਸ਼ੁਰੂਆਤੀ ਸੰਕੇਤ ਇਹ ਹਨ ਕਿ ਪਰਿਵਾਰ ਦੇ ਸਥਾਨਕ ਆਰਐਸਐਸ “ਸ਼ਾਕਾ” ਨਾਲ ਸਬੰਧ ਹਨ।ਫਾਸ਼ੀਵਾਦੀ ਆਰ.ਐਸ ਐਸ ਉਹ ਹਿੰਦੂਤਵੀ ਸੰਸਥਾ ਹੈ ਜੋ ਮੁਸਲਮਾਨਾਂ ਸਮੇਤ ਭਾਰਤ ਦੇ ਘੱਟ ਗਿਣਤੀ ਭਾਈਚਾਰਿਆਂ ਦੀ ਚੱਲ ਰਹੀ ਨਸਲਕੁਸ਼ੀ ਲਈ ਜ਼ਿੰਮੇਵਾਰ ਹਨ। ਆਰਐਸਐਸ ਅਤੇ ਭਾਜਪਾ ਦਾ ਗਠਜੋੜ ਇਸ ਸਮੇਂ ਭਾਰਤ ‘ਤੇ ਰਾਜ ਕਰ ਰਿਹਾ ਹੈ।888


T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



Open 24 Hours 7 Days a Week

ATLAS
ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life


Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਸਿਹਤ ਸੰਬੰਧੀ





# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜ੍ਹੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ। ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ ’ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਊਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਐਕਨੀ ਦੀ ਵਜ੍ਹਾ ਆਮ ਤੌਰ ’ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ। ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ ’ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਸ਼ਰਮਾ ਜੀ ਦੀ ਛੱਤ ਟੇਬਲ ਦੇ ਠੀਕ ਉੱਪਰੋਂ ਚੋਅ ਰਹੀ ਸੀ। ਉਨ੍ਹਾਂ ਮਿਸਤਰੀ ਸੱਦਿਆ। ਮਿਸਤਰੀ ਨੇ ਪੁੱਛਿਆ, ਸ਼ਰਮਾ ਜੀ, ਤੁਹਾਨੂੰ ਇਸ ਦੇ ਚੋਣ ਦਾ ਕਦੋਂ ਪਤਾ ਲੱਗਾ?

ਸ਼ਰਮਾ ਜੀ, ਕੱਲ੍ਹ ਰਾਤੀਂ, ਜਦੋਂ ਮੇਰਾ ਇਕ ਪੈੱਗ ਤਿੰਨ ਘੰਟੇ ਖਤਮ ਨਾ ਹੋਇਆ।

-------------

ਪਤਨੀ (ਪਤੀ ਨੂੰ), ਸੁਣਦੇ ਹੋ ਜੀ, ਮੈਂ ਨਵੇਂ ਡਿਟਰਜੈਂਟ ਨਾਲ ਸੂਟ ਧੋਤਾ, ਉਹ ਛੋਟਾ ਹੋ ਗਿਆ, ਹੁਣ ਕੀ ਕਰਾਂ ਪਤੀ, ਉਸੇ ਡਿਟਰਜੈਂਟ ਨਾਲ ਨਹਾ ਵੀ ਲੈ, ਫਿੱਟ ਆ ਜਾਵੇਗਾ।

-------------

ਪਤੀ, ਮੈਂ ਤਾਂ ਤੰਗ ਆ ਗਿਆ ਹਾਂ ਅਜਿਹੀ ਜ਼ਿੰਦਗੀ ਤੋਂ।

ਪਤਨੀ, ਇੰਝ ਨਾ ਕਹੋ, ਮੈਂ ਹਾਂ ਨਾ।

ਪਤੀ, ਤੂੰ ਕੀ ਕਰ ਲਵੇਂਗੀ ?

ਪਤਨੀ, ਜਾਨੂੰ, ਤੁਸੀਂ ਪੂਜਾ ਕਰਿਆ ਕਰੋ, ਵੱਡੀਆਂ ਤੋਂ ਵੱਡੀਆਂ ਬਲਾਵਾਂ ਟਲ ਜਾਂਦੀਆਂ ਹਨ।

ਪਤੀ, ਤੇਰੇ ਪਿਉ ਨੇ ਖ਼ੂਬ ਪੂਜਾ ਕੀਤੀ ਹੋਵੇਗੀ, ਤਾਂ ਹੀ ਉਸ ਦੀ ਬਲਾ ਟਲ ਗਈ ਤੇ ਮੇਰੇ ਪੱਲੇ ਪੈ ਗਈ।

-------------

ਜਿਵੇਂ ਹੀ ਕੁੜੀ ਵਿਆਹ ਤੋਂ ਬਾਅਦ ਸਹੁਰੇ ਘਰ ਆਈ, ਸੱਸ ਬੋਲੀ, ਧੀਏ, ਮੈਂ ਤੇਰੀ ਮਾਂ ਵਰਗੀ ਹਾਂ।

ਸਹੁਰਾ, ਮੈਂ ਤੇਰੇ ਪਿਤਾ ਵਰਗਾ ਹਾਂ। ਕੁੜੀ, ਠੀਕ ਹੈ, ਅੱਜ ਤੋਂ ਮੈਂ ਆਪਣੇ ਪਤੀ ਨੂੰ ਭਾਅ ਜੀ ਕਿਹਾ ਕਰਾਂਗੀ।

-------------

ਸ਼ਾਤਿਰ ਬਦਮਾਸ਼ ਪੁਲੀਸ ਰਿਮਾਂਡ 'ਚ ਮੂੰਹ ਨਹੀਂ ਖੋਲ੍ਹ ਰਿਹਾ ਸੀ। ਪੁਲੀਸ ਨੇ ਥਰਡ ਡਿਗਰੀ ਟਾਰਚਰ ਦੇ ਸਾਰੇ ਤਰੀਕੇ ਅਪਣਾਏ ਪਰ ਸਭ ਬੇਕਾਰ। ਇਕ ਹੌਲਦਾਰ ਜੋ ਕਿ ਕਵੀ ਵੀ ਸੀ, ਆਪਣੀਆਂ ਕਵਿਤਾਵਾਂ ਲੈ ਕੇ ਉਸ ਦੇ ਸਾਹਮਣੇ ਬੈਠ ਗਿਆ। ਅਜੇ ਉਸ ਨੇ 4 ਕਵਿਤਾਵਾਂ ਹੀ ਸੁਣਾਈਆਂ ਸਨ ਕਿ ਬਦਮਾਸ਼ ਚੀਕ ਕੇ ਬੋਲਿਆ, "ਹਾਂ-ਹਾਂ, ਮੈਂ ਦੋਹਰਾ ਕਤਲ ਕੀਤਾ ਹੈ, ਜਿਥੇ ਮਰਜ਼ੀ ਲਿਖਵਾ ਲਵੋ ਪਰ ਇਸ ਕਵੀ ਨੂੰ ਚੁੱਪ ਹੋਣ ਲਈ ਕਹੋ।

-------------

ਇੱਕ ਅਭਿਨੇਤਰੀ ਨੇ ਇੱਕ ਫਿਲਮ ਵਿੱਚ 'ਪਾਗਲ ਭਿਖਾਰਣ' ਦਾ ਰੋਲ ਕਰਨਾ ਸੀ। ਉਸ ਨੇ ਨਿਰਦੇਸ਼ਕ ਨੂੰ ਪੁੱਛਿਆ ਕਿ ਮੈਨੂੰ ਪਾਗਲ ਭਿਖਾਰਣ ਲੱਗਣ ਲਈ ਕੀ ਕਰਨਾ ਚਾਹੀਦੈ ?"

ਨਿਰਦੇਸ਼ਕ ਤੁਰੰਤ ਬੋਲਿਆ, "ਕੁੱਝ ਕਰਨ ਦੀ ਲੋੜ ਨਹੀਂ। ਜਿਹੋ ਜਿਹੀ ਲੱਗਦੀ ਏਂ, ਠੀਕ ਏਂ।"

-------------

ਅਧਿਆਪਕ-ਚੋਰੀ ਕਰਨਾ ਬੁਰੀ ਗੱਲ ਹੈ ਤੇ ਚੋਰੀ ਦਾ ਫਲ ਹਮੇਸ਼ਾ ਕੌੜਾ ਹੁੰਦਾ ਹੈ।

ਚਿੰਟੂ-ਪਰ ਜਿਹੜਾ ਸੇਬ ਮੈਂ ਚੋਰੀ ਕਰਕੇ ਖਾਂਦਾ ਸੀ ਉਹ ਤਾ ਬੜਾ ਮਿੱਠਾ ਸੀ।

ਦਿੱਲੀ ਵਿੱਚ ਛੇ ਮਜਦੂਰ ਮੋਟਰ ਸਾਈਕਲ ਤੇ ਦਿਹਾੜੀ ਕਰਨ ਲਈ ਜਾਂਦੇ ਹਨ। ਉਨਾ ਨੂੰ ਦੇਖ ਕੇ ਟਰੈਫਿਕ ਪੁਲੀਸ ਵਾਲੇ ਨੇ ਰੁਕਣ ਦਾ ਇਸ਼ਾਰਾ ਕੀਤਾ। ਇੱਕ ਮਜਦੂਰ ਕਹਿੰਦਾ ਪਾਗਲ ਹੋ ਗਿਐਂ ਤੂੰ ਕਿਥੇ ਬੈਠੇਗਾ ਭਾਈ?



-------------

ਹਸਪਤਾਲ 'ਚ ਦਾਖਲ ਇਕ ਮਰੀਜ਼ ਨੂੰ ਉਸ ਦੀ ਪਤਨੀ ਦਿਲਾਸਾ ਦੇ ਰਹੀ ਸੀ, "ਤੁਸੀਂ ਫਿਕਰ ਕਿਉਂ ਕਰ ਰਹੇ ਹੋ ?

ਇਸ ਕਮਰੇ ਦੇ ਅਸੀਂ 450 ਰੁਪਏ ਕਿਰਾਏ ਦੇ ਦੇਣੇ ਹਨ, 250 ਰੁਪਏ ਡਾਕਟਰ ਦੀ ਵਿਜ਼ੀਟਿੰਗ ਫੀਸ ) ਦੇ, 50 ਰੁਪਏ ਨਰਸ ਦੇ, 320 ਰੁਪਏ ਦਵਾਈਆਂ ਦੀ ਦੁਕਾਨ ਦੇ ਅਤੇ 175 ਰੁਪਏ ਕੰਟੀਨ ਵਾਲੇ ਦੇ ਦੇਣੇ ਹਨ।

ਹੁਣ ਤੁਸੀਂ ਹੀ ਸਚੋ ਜਦੋਂ ਇੰਨੇ ਪੈਸੇ ਦੇਣੇ ਹਨ ਤਾਂ ਕੀ ਇਹ ਲੈਣਦਾਰ ਤੁਹਾਨੂੰ ਮਰਨ ਦੇਣਗੇ ?

-------------

ਨਿਰਮਲਾ (ਦੁੱਧ ਵੇਚਣ ਵਾਲੇ ਨੂੰ), ""ਤੂੰ ਦੁੱਧ ਵੇਚਦਾ ਏਂ ?''

"ਹਾਂ ਜੀ, ਦੁੱਧ ਵੇਚਦਾ ਹਾਂ।" "ਕੀ ਗਾਂ ਦਾ ਦੁੱਧ ਵੇਚਦਾ ਏਂ ?'' "ਨਹੀਂ ਜੀ।"

"ਤਾਂ ਕੀ ਮੱਝ ਦਾ ਦੁੱਧ ਵੇਚਦਾ ਏਂ ?" "ਨਹੀਂ ਜੀ।"

"ਤਾਂ ਫਿਰ ਕਿਸ ਦਾ ਦੁੱਧ ਵੇਚਦਾ ਏਂ ?" "ਜੀ ਹਰਨਾਮ ਸਿੰਘ ਹਲਵਾਈ ਦਾ।"

-------------

ਹੋਟਲ ਦਾ ਬੈਰ੍ਹਾ ਬੋਲਿਆ, "ਹਜ਼ੂਰ, ਪਿਛਲੀ ਵਾਰ ਜਦੋਂ ਤੁਸੀਂ ਜਾਣ ਲੱਗੇ ਸੀ ਤਾਂ ਟਿਪ ਦੇ ਤੌਰ 'ਤੇ ਮੈਨੂੰ 50 ਰੁਪਏ ਦਾ ਨੋਟ ਦਿੱਤਾ ਸੀ, ਰੱਬ ਤੁਹਾਡੀ ਉਮਰ ਲੰਮੀ ਕਰੇ।

ਬਜ਼ੁਰਗ ਬੋਲਿਆ, "ਹਾਂ ਇਸੇ ਗੱਲ 'ਤੇ 50 ਰੁਪਏ ਦਾ ਨੋਟ ਦਿੱਤਾ ਸੀ।" ਹਜ਼ੂਰ ਐਤਕੀਂ ਸਿਰਫ 10 ਦਾ ਨੋਟ ?"

"ਹੁਣ ਮੈਨੂੰ ਲੰਮੀ ਉਮਰ ਨਹੀਂ ਚਾਹੀਦੀ, ਬੇਟਾ ਤੇ ਨੂੰਹ ਮੈਨੂੰ ਆਪਣੇ ਘਰ ਲੈ ਗਏ ਹਨ।"

-------------

ਜੀਜਾ-ਪਿਆਰੀ ਸਾਲੀ ਜੀ! ਮੇਰਾ ਕਲ ਇੰਟਰਵਿਊ ਲੈਟਰ ਆਇਆ ਹੈ। ਜਾਵਾਂ ਕਿ ਨਹੀਂ, ਤੁਹਾਡੀ ਕੀ ਰਾਇ ਹੈ?"

ਸਾਲੀ (ਜੋ ਅਨਪੜ੍ਹ ਸੀ)—ਮੇਰੀ ਤਾਂ ਇਹੀ ਰਾਇ ਹੈ ਜੀਜਾ ਜੀ ਕਿ ਜਾਣਾ ਹੈ ਤਾਂ ਜਾਓ, ਨਹੀਂ ਜਾਣਾ ਤਾ ਨਾ ਜਾਓ।

-------------

ਸਾਲੀ (ਖਿੱਝ ਕੇ)-ਜੀਜਾ ਜੀ! ਤੁਸੀਂ ਜ਼ਿੰਦਗੀ ਵਿਚ ਕੋਈ ਸਮਝਦਾਰੀ ਦਾ ਕੰਮ ਵੀ ਕੀਤਾ ਹੈ?

ਜੀਜਾ—ਤੇਰੇ ਵਰਗੀ ਸੋਹਣੀ ਮੁਟਿਆਰ ਦੀ ਭੈਣ ਨਾਲ ਵਿਆਹ।

-------------

ਔਰਤ ਟੈਕਸੀ ਡਰਾਈਵਰ ਨੂੰ—ਛੇਤੀ ਬੱਚਿਆਂ ਦੇ ਹਸਪਤਾਲ ਚਲੋ।

ਟੈਕਸੀ ਡਰਾਈਵਰ ਬਹੁਤ ਤੇਜ਼ ਟੈਕਸੀ ਚਲਾਉਣ ਲੱਗਾ ਤਾਂ ਮਹਿਲਾ ਨੇ ਕਿਹਾ—ਓ ਮੂਰਖਾ! ਮੈਂ ਤਾਂ ਉਥੇ ਸਿਰਫ ਕੰਮ ਕਰਦੀ ਹਾਂ।

-------------

ਸਾਈਕਲ ਵਾਲੇ ਦੀ ਟੱਕਰ ਨਾਲ ਪੈਦਲ ਚੱਲਣ ਵਾਲਾ ਨੌਜਵਾਨ ਡਿੱਗ ਪਿਆ, ਪਰ ਸਾਈਕਲ ਵਾਲਾ ਖੁਸ਼ ਹੋ ਕੇ ਬੋਲਿਆ-ਇਹ ਤੇਰੇ ਲਈ ਕਿਸਮਤਵਾਲਾ ਦਿਨ ਹੈ।

ਆਪਣੇ ਹੱਥਾਂ ਨਾਲ ਗੋਡਿਆਂ ਨੂੰ ਰਗੜਦਾ ਹੋਇਆ ਉਹ ਆਦਮੀ ਖਿੱਝਿਆ-ਉਹ ਕਿਵੇਂ?

ਕਿਉਂਕਿ ਅੱਜ ਮੇਰੀ ਛੁੱਟੀ ਹੈ, ਨਹੀਂ ਤਾਂ ਮੈਂ ਟਰੱਕ ਚਲਾਉਂਦਾ ਹੁੰਦਾ ।

-------------

ਪੁਲਸ ਚੌਕੀ 'ਤੇ ਇਕ ਫੋਨ ਆਇਆ—ਇੰਸਪੈਕਟਰ ਸਾਹਿਬ, ਕਿਸੇ ਨੇ ਮੇਰੀ ਕਾਰ ਦੇ ਸਾਰੇ ਪੁਰਜੇ ਚੁਰਾ ਲਓ ਹਨ ਬ੍ਰੇਕ, ਕਲਚ ਐਕਸੀਲੇਟਰ, ਹੈਂਡਲ ਸਾਰਾ ਕੁਝ ਗਾਇਬ ਹੈ।

ਇੰਸਪੈਕਟਰ ਨੇ ਹੌਸਲਾ ਦਿੱਤਾ—ਮੈਂ ਹੁਣੇ ਆ ਕੇ ਜਾਂਚ ਕਰਦਾ ਇੰਸਪੈਕਟਰ ਜਾਣ ਲਈ ਤਿਆਰ ਹੋਇਆ ਸੀ ਕਿ ਫੋਨ ਵਜ ਗਿਆ।

ਉਹੀ ਆਦਮੀ ਫਿਰ ਬੋਲ ਰਿਹਾ ਸੀ—ਮੁਆਫ ਕਰਨਾ, ਇੰਸਪੈਕਟਰ ਸਾਹਿਬ, ਇਥੇ ਸਭ ਠੀਕ ਹੈ। ਗੱਲ ਇਹ ਹੋਈ ਕਿ ਮੈਂ ਜਲਦੀ ਜਲਦੀ ਵਿਚ ਪਿਛਲੀ ਸੀਟ 'ਤੇ ਬੈਠ ਗਿਆ ਸੀ।

-------------

ਇਕ ਨਵੀਂ ਬਣੀਂ ਵਿਧਵਾ ਨੇ ਬੀਮਾ ਕੰਪਨੀ ਵਿਚ ਪਹੁੰਚ ਕੇ ਕਿਹਾ—ਮੈਨੇਜਰ ਸਾਹਿਬ ਮੇਰੇ ਪਤੀ ਦੇ ਬੀਮੇ ਦਾ ਰੁਪਈਆ ਦਿਵਾਓ।

ਮੈਨੇਜਰ ਨੇ ਕਿਹਾ—ਇਸ ਦੁਰਘਟਨਾ ਨੂੰ ਸੁਣ ਕੇ ਬਹੁਤ ਦੁਖ ਹੋਇਆ।

ਵਿਧਵਾ ਨੇ ਕਿਹਾ-ਜੀ ਹਾਂ, ਮਰਦਾਂ ਦਾ ਹਰ ਥਾਂ ਇਹੀ ਹੱਲ ਹੈ, ਜਦੋਂ ਔਰਤਾਂ ਨੂੰ ਚਾਰ ਪੈਸੇ ਮਿਲਣ ਦਾ ਮੌਕਾ ਆਉਂਦਾ ਹੈ, ਉਨ੍ਹਾਂ ਨੂੰ ਬੜਾ ਦੁਖ ਹੁੰਦਾ ਹੈ।

-------------

ਕਿਸੇ ਆਦਮੀ ਨੇ ਆਪਣੇ ਘਰ ਵਿੱਚ ਖੀਰ ਬਣਾਈ ਇਕ ਪੰਡਤ ਨੂੰ ਦਾਅਵਤ ਦਿੱਤੀ, ਸਾਰੀ ਖਰਿ ਪੰਡਤ ਹੀ ਖਾ ਗਿਆ। ਘਰ ਵਾਲੇ ਭੁੱਖੇ ਰਹਿ ਗਏ। ਪੰਜ ਸਾਲ ਦਾ ਬਬਲੂ ਭੁੱਖ ਦੇ ਮਾਰੇ ਰੋ ਪਿਆ। ਉਸਦੀ ਮਾਂ ਨੇ ਕਿਹਾ- 'ਬੇਟਾ ਪੰਡਤ ਜੀ ਨੂੰ ਜਾਣ ਦਿਓ, ਫਿਰ ਅਸੀਂ ਸਾਰੇ ਮਿਲ ਕੇ ਰੋਵਾਂਗੇ, ਤੂੰ ਇਕੱਲਾ ਕਿਉਂ ਰੋ ਰਿਹਾ ਹੈਂ।

ਬਬਲੂ ਰੋਣੋਂ ਹਟਿਆ ਹੀ ਨਾ, ਤਾਂ ਗੁੱਸੇ ਵਿੱਚ ਮਾਂ ਨੇ ਕਿਹਾ 'ਚੁੱਪ ਕਰਜ਼ਾ ਨਹੀਂ ਤਾਂ ਪੰਡਤ ਅੱਗੇ ਕਰ ਦਿਆਂਗੀ'

ਪੰਡਤ ਬੋਲਿਆ 'ਪਤੀਲੇ ਵਿੱਚ ਘਸਾ ਕੇ ਲਿਆਇਉ'

-------------

ਬੇਟਾ :-'ਪਾਪਾ ਮੈਂ ਬਾਪ ਬਣ ਗਿਆ'!

ਪਾਪਾ:- 'ਕੁੱਤੇ ਨਲੈਕ ਨਿਕਲ ਜਾ ਮੇਰੇ ਘਰ ਵਿੱਚੋਂ'

ਬੇਟਾ :-'ਗਾਲ੍ਹਾਂ ਕਿਉਂ ਕੱਢ ਰਹੇ ਹੋ?'

ਤੁਸੀਂ ਹੀ ਤਾਂ ਕਿਹਾ ਸੀ ਪਹਿਲਾਂ ਕੁਝ ਬਣ ਜਾਂ ਫਿਰ ਵਿਆਹ ਕਰਵਾ ਦਵਾਂਗਾ

*****

ਦੋਸਤ ਦੂਸਰੇ ਦੋਸਤ ਨੂੰ: 'ਪਤਨੀ ਨਾਲ ਲੜਾਈ ਖ਼ਤਮ ਹੋਈ ਕਿ ਨਹੀਂ' ਪਤੀ:-'ਉਹ ਤਾਂ ਝੁਕ ਕੇ ਗੋਡਿਆਂ ਪਰਨੇ ਹੋ ਕੇ ਮੇਰੇ ਕੋਲ ਆਈ ਸੀ'

ਦੋਸਤ: 'ਕੀ ਗੱਲ ਕਰ ਰਿਹੈਂ' ਪਤੀ:'ਹੋਰ ਨਹੀਂ ਤਾਂ ਕੀ' ਦੋਸਤ-'ਫੇਰ ਕੀ ਬੋਲੀ ਭਾਬੀ ਜੀ'

ਪਤੀ-'ਬੋਲੀ ਕੇ ਮੰਜੇ ਦੇ ਹੇਠੋਂ ਬਾਹਰ ਆ ਜਾਓ ਹੁਣ ਨ੍ਹੀਂ ਮਾਰਾਂਗੀ' !.

*****

ਸੋਨੂੰ-'ਤੈਨੂੰ ਪਤਾ ਕਿ ਪੱਕੇ ਦੋਸਤ ਕਿਹੜੇ ਹੁੰਦੇ ਹਨ?'

ਮੋਨੂ-'ਨਹੀਂ!ਕਿਹੜੇ ਹੁੰਦੇ ਹਨ?'

ਸੋਨੂ-'ਜਿਨ੍ਹਾਂ ਨੂੰ ਦੋ ਦਿਨ ਗਾਲ੍ਹਾਂ ਨਾ ਕੱਢੋ ਤਾਂ ਪੁੱਛਣ ਲੱਗਦੇ ਹਨ ਕਿ ਭਰਾ ਕਿਉਂ ਨਾਰਾਜ਼ ਹੋਇਆ ਫਿਰਦੈਂ'।

*****

ਮੇਰੇ ਇੱਕ ਗੁਆਂਢੀ ਹਨ ਜਿਨ੍ਹਾਂ ਦਾ ਨਾਂ ਭਗਵਾਨ ਅਤੇ ਉਨ੍ਹਾਂ ਦੀ ਕੁੜੀ ਦਾ ਨਾਮ ਹੈ ਭਗਤੀ ।

ਮਾਂ ਬੋਲਦੀ ਹੈ ਪੁੱਤਰ ਭਗਵਾਨ ਦੀ ਭਗਤੀ ਵਿਚ ਮਨ ਲਗਾਇਆ ਕਰ। ਹੁਣ ਮਾਂ ਨੂੰ ਕਿਵੇਂ ਸਮਝਾਵਾਂ ਕਿ ਭਗਤੀ ਵਿਚ ਤਾਂ ਮਨ ਲਗਾਉਂਦਾ ਹਾਂ ਪਰ ਭਗਵਾਨ ਨਹੀਂ ਮੰਨ ਰਹੇ ।

*****

ਪੱਪੂ ਕਾਰ ਧੋ ਰਿਹਾ ਸੀ ਉਦੋਂ ਨੇੜਿਉ ਦੀ ਇੱਕ ਆਂਟੀ ਲੰਘੀ। ਆਂਟੀ:ਕਾਰ ਧੋ ਰਹੇ ਹੋ? ਪੱਪੂ- ਨਹੀਂ ਕਾਰ ਨੂੰ ਪਾਣੀ ਦੇ ਰਿਹਾ ਸ਼ਾਇਦ ਵੱਡੀ ਹੋ ਕੇ ਬੱਸ ਬਣ ਜਾਵੇ!

*****

ਇੱਕ ਵਾਰ ਮੱਛਰ ਦਾ ਬੇਟਾ ਪਹਿਲੀ ਉਡਾਣ ਉੱਤੇ ਗਿਆ। ਪੂਰੀ ਰਾਤ ਬਾਹਰ ਰਹਿਣ ਤੋਂ ਬਾਅਦ ਉਹ ਸਵੇਰੇ ਮੁੜਿਆ ਤਾਂ ਪਿਓ ਨੇ ਉਸ ਨੂੰ ਪੁੱਛਿਆ, ''ਕਿਵੇਂ ਰਿਹਾ ਬੇਟਾ?"

ਬੇਟਾ ਬੋਲਿਆ, ''ਸਾਰੇ ਲੋਕ ਤਾੜੀਆਂ ਵਜਾ-ਵਜਾ ਕੇ ਮੇਰਾ ਸਵਾਗਤ ਕਰ ਰਹੇ ਸਨ।

*****






(ਸਫਾ ਬੀ-9 ਦੀ ਬਾਕੀ)

ਘੱਟ ਸੀ, ਇਸ ਲਈ ਘਰ ਪਰਤਣ ਦੀ ਸੋਚ ਰੱਖਦੇ ਸੀ।”ਸ਼ੁਰੂਆਤੀ ਦੌਰ ਵਿੱਚ ਆਏ ਲੋਕਾਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਦਰਜ ਬਿਆਨਾਂ ਮੁਤਾਬਕ ਇਸ ਕਿਤਾਬ ਵਿੱਚ ਲਿਖਿਆ ਗਿਆ ਹੈ ਕਿ ਸਾਡੇ ਲੋਕ ਕੜਾਕੇ ਦੀ ਠੰਡ ਵਿੱਚ ਘੋੜਿਆਂ ਦੇ ਤਬੇਲਿਆਂ ਅੰਦਰ ਜਾਂ ਸਖ਼ਤ ਲੱਕੜਾਂ ਉੱਤੇ ਸੌਂਦੇ ਰਹੇ ਹਨ। ਵੈਨਕੂਵਰ ਵਿੱਚ ਸਾਲ 1906 ਵਿੱਚ ਖ਼ਾਲਸਾ ਦੀਵਾਨ ਸੁਸਾਇਟੀ ਬਣੀ, ਜਿਸ ਦਾ ਮਕਸਦ ਸਿੱਖਾਂ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ, ਸੱਭਿਆਚਾਰਕ ਤੇ ਅਧਿਆਤਮਕ ਲੋੜਾਂ ਪੂਰੀਆਂ ਕਰਨਾ ਸੀ। ਖਾਲਸਾ ਦੀਵਾਨ ਸੁਸਾਇਟੀ ਨੇ ਹੀ ਕੈਨੇਡਾ ਵਿੱਚ ਪਹਿਲੇ ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਿਆ। ਵੈਨਕੂਵਰ ਵਿੱਚ 1908 ’ਚ ਕੈਨੇਡਾ ਦਾ ਪਹਿਲਾ ਗੁਰਦੁਆਰਾ ਲੋਕਾਂ ਲਈ ਖੋਲ੍ਹਿਆ ਗਿਆ। ਇਸ ਗੁਰਦੁਆਰੇ ਦੀ ਬਣਤਰ 1901 ਵਿੱਚ ਹੌਂਗਕੌਂਗ ਵਿੱਚ ਬਣੇ ਪਹਿਲੇ ਗੁਰਦੁਆਰਾ ਸਾਹਿਬ ਨਾਲ ਮਿਲਦੀ ਜੁਲਦੀ ਸੀ, ਕਿਉਂਕਿ ਪਾਣੀ ਦੇ ਰਸਤਿਓਂ ਭਾਰਤ ਤੋਂ ਕੈਨੇਡਾ ਆਉਣ ਵਾਲੇ ਸਿੱਖਾਂ ਲਈ ਹੌਂਗਕੌਂਗ ਰਸਤੇ ਵਿੱਚ ਰੁਕਣ ਦੀ ਥਾਂ ਹੁੰਦਾ ਸੀ। ਹੌਂਗਕੌਂਗ ਰੁਕਣ ਵੇਲੇ ਸਿੱਖ ਇਸ ਗੁਰਦੁਆਰਾ ਸਾਹਿਬ ਵਿਖੇ ਸ਼ਰਨ ਲੈਂਦੇ ਸੀ। ਗੁਰਦੁਆਰਾ ਸਾਹਿਬ ਦਾ ਨਿਰਮਾਣ, ਕੈਨੇਡਾ ਪਰਵਾਸ ਕਰ ਚੁੱਕੇ ਸਿੱਖਾਂ ਲਈ ਇੱਕ ਅਹਿਮ ਮੀਲ ਪੱਥਰ ਸੀ।

ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ, ਮਿਸੀਗੁਆ ਦੇ ਅੰਕੜਿਆਂ ਮੁਤਾਬਕ ਵਿੱਚ 1908 ਵਿੱਚ ਸਿੱਖਾਂ ਦੀ ਗਿਣਤੀ ਕਰੀਬ 5500 ਸੀ, ਪਰ ਸਾਲ 1918 ਵਿੱਚ ਇਹ ਗਿਣਤੀ ਮਹਿਜ਼ 700 ਰਹਿ ਗਈ। ਉਸ ਦਾ ਕਾਰਨ ਸੀ, ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਜਦੋਂ ਸਿੱਖ, ਕਾਮਿਆਂ ਵਜੋਂ ਕੈਨੇਡਾ ਪਹੁੰਚਣ ਲੱਗੇ ਤਾਂ ਕਈ ਕਾਰਨਾਂ ਕਰਕੇ ਉਨ੍ਹਾਂ ਪ੍ਰਤੀ ਨਫ਼ਰਤ ਵੀ ਸ਼ੁਰੂ ਹੋਈ। ਸਿਆਸੀ ਕਾਰਨਾਂ ਦੇ ਨਾਲ-ਨਾਲ, ਇਨ੍ਹਾਂ ਵਿੱਚ ਸਥਾਨਕ ਲੋਕਾਂ ਦਾ ਰੁਜ਼ਗਾਰ ਖੁਸਣ ਦਾ ਡਰ ਵੀ ਇੱਕ ਕਾਰਨ ਸੀ। ਸਿੱਖਾਂ ਪ੍ਰਤੀ ਨਸਲੀ ਨਫ਼ਰਤ, ਹੋਰ ਦੇਸ਼ਾਂ ਵਿੱਚ ਵੀ ਦਿਸ ਰਹੀ ਸੀ। ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ ਦੀ ਵੈਬਸਾਈਟ ਤੋਂ ਮਿਲੀ ਜਾਣਕਾਰੀ ਮੁਤਾਬਕ, ਸਤੰਬਰ 1907 ਵਿੱਚ, ਯੂਐੱਸਏ ਦੇ ਵਾਸ਼ਿੰਗਟਨ ਸਟੇਟ ਦੇ ਬੈਲਿੰਗਹੈਮ ਵਿੱਚ 400-500 ਗੋਰਿਆਂ ਦੀ ਭੀੜ ਨੇ ਲੱਕੜ ਮਿੱਲਾਂ ਵਿੱਚ ਕੰਮ ਕਰਨ ਵਾਲੇ ਹਜ਼ਾਰਾਂ ਸਿੱਖ ਵਰਕਰਾਂ ਨੂੰ ਘੇਰ ਕੇ ਕੁੱਟ ਮਾਰ ਕੀਤੀ ਅਤੇ ਉਨ੍ਹਾਂ ਨੂੰ ਸ਼ਹਿਰ ਤੋਂ ਬਾਹਰ ਕੱਢਿਆ। ਕੈਨੇਡਾ ਆਉਣ ਵਾਲੇ ਸਾਰੇ ਏਸ਼ੀਅਨ ਪਰਵਾਸੀਆਂ ਕੋਲ 200 ਡਾਲਰ ਹੋਣੇ ਲਾਜ਼ਮੀ ਸਨ। ਇਹ ਏਸ਼ੀਅਨਾਂ ਲਈ ਵਿਤਕਰੇ ਵਾਲਾ ਸੀ ਕਿਉਂਕਿ ਬਾਕੀ ਥਾਂਵਾਂ ਤੋਂ ਆਉਣ ਵਾਲੇ ਪਰਵਾਸੀਆਂ ਲਈ ਇਹ ਸ਼ਰਤ ਸਿਰਫ਼ 25 ਡਾਲਰ ਦੀ ਸੀ। ਸਿੱਖ ਕਾਰੋਬਾਰੀ ਗੁਰਦਿੱਤ ਸਿੰਘ ਨੇ ਕੈਨੇਡਾ ਦੀਆਂ ਪਰਵਾਸ ਨੀਤੀਆਂ ਨੂੰ ਚੁਣੌਤੀ ਦਿੰਦਿਆਂ ਭਾਰਤੀਆਂ ਨੂੰ ਕੈਨੇਡਾ ਲਿਆਉਣ ਲਈ ਜਪਾਨੀ ਜਹਾਜ਼ ਕਾਮਾਗਾਟਾਮਾਰੂ ਕਿਰਾਏ ‘ਤੇ ਕੀਤਾ। ਹੌਂਗਕੌਂਗ, ਸ਼ੰਘਾਈ ਤੇ ਯੋਕੋਹਾਮਾ ਹੁੰਦਿਆਂ ਇਹ ਜਹਾਜ਼ 23 ਮਈ 1914 ਨੂੰ ਵੈਨਕੂਵਰ ਪਹੁੰਚਿਆ। ਇਸ ਵਿੱਚ ਬਹੁ-ਗਿਣਤੀ ਸਿੱਖਾਂ ਸਮੇਤ 376 ਲੋਕ ਸਵਾਰ ਸਨ। ਇਸ ਜਹਾਜ਼ ਦੀਆਂ ਸਵਾਰੀਆਂ ਨੂੰ ਇੱਥੇ ਉਤਰਨ ਨਹੀਂ ਦਿੱਤਾ ਗਿਆ ਅਤੇ ਦੋ ਮਹੀਨੇ ਬਾਅਦ 23 ਜੁਲਾਈ 1914 ਨੂੰ ਆਖ਼ਰਕਾਰ ਜਹਾਜ਼ ਨੂੰ ਇੱਥੋਂ ਵਾਪਸ ਭੇਜ ਦਿੱਤਾ ਗਿਆ। ਜਦੋਂ ਇਹ ਜਹਾਜ਼ ਕਲਕੱਤਾ ਦੇ ਬਜਬਜ ਘਾਟ ਵਾਪਸ ਪਹੁੰਚਿਆਂ ਜਹਾਜ਼ ਦੀਆਂ ਸਵਾਰੀਆਂ ‘ਤੇ ਬ੍ਰਿਟਿਸ਼ ਹਕੂਮਤ ਖ਼ਿਲਾਫ਼ ਸਾਜਿਸ਼ ਦੇ ਇਲਜ਼ਾਮ ਲਗਾਏ। ਕਈ ਸਵਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਿਨ੍ਹਾਂ ਨੂੰ ਸਾਲਾਂ ਬੱਧੀ ਜੇਲ੍ਹਾਂ ਵਿੱਚ ਤਸੀਹੇ ਝੱਲਣੇ ਪਏ, ਉੱਥੇ ਹੋਈ ਫਾਇਰਿੰਗ ਵਿੱਚ 20 ਲੋਕ ਜਾਨ ਗਵਾ ਬੈਠੇ ਸੀ ਅਤੇ ਕਈ ਜ਼ਖਮੀ ਹੋਏ ਸੀ। ਇਹ ਸਾਰੀਆਂ ਘਟਨਾਵਾਂ ਆਪਣੇ-ਆਪ ਵਿੱਚ ਸਿੱਖਾਂ ਦੇ ਕੈਨੇਡਾ ਵਿੱਚ ਪਰਵਾਸ ਨੂੰ ਠੱਲ੍ਹ ਪਾਉਣ ਲਈ ਕਾਫ਼ੀ ਅਸਰਦਾਰ ਸਾਬਿਤ ਹੋਈਆਂ ਅਤੇ ਕੈਨੇਡਾ ਵਿੱਚ ਸਿੱਖਾਂ ਦੀ ਗਿਣਤੀ ਘਟ ਗਈ। ਸਰਜੀਤ ਸਿੰਘ ਜਗਪਾਲ ਲਿਖਦੇ ਹਨ, “ਪਹਿਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਸਿੱਖਾਂ ਵਿੱਚੋਂ ਕਈ ਇਹ ਸੋਚ ਕੇ ਭਾਰਤ ਪਰਤ ਆਏ ਕਿ ਦੇਸ਼ ਦੀ ਅਜ਼ਾਦੀ ਤੋਂ ਬਿਨ੍ਹਾਂ ਕੈਨੇਡਾ ਵਿੱਚ ਉਨ੍ਹਾਂ ਦੀ ਹਾਲਤ ਨਹੀਂ ਸੁਧਰ ਸਕਦੀ।“”ਕੁਝ ਸਿੱਖ ਬਿਹਤਰ ਜ਼ਿੰਦਗੀ ਦੀ ਤਲਾਸ਼ ਵਿੱਚ ਯੂਐੱਸਏ ਚਲੇ ਗਏ। ਕਈ ਸਿੱਖ ਕੈਨੇਡਾ ਵਿੱਚ ਫ਼ਿਰਕੂ ਹਿੰਸਾ ਦੀਆਂ ਘਟਨਾਵਾਂ ਵਿੱਚ ਜਾਨਾਂ ਗਵਾ ਬੈਠੇ।“ਸਾਲ 1919 ਵਿੱਚ ਕੈਨੇਡਾ ਨੇ ਇਮੀਗਰੇਸ਼ਨ ਨੀਤੀਆਂ ਵਿੱਚ ਬਦਲਾਅ ਕੀਤਾ ਅਤੇ ਉਦੋਂ ਉੱਥੇ ਰਹਿੰਦੇ ਸਿੱਖਾਂ ਨੂੰ ਇਜਾਜ਼ਤ ਮਿਲ ਗਈ ਕਿ ਉਹ ਆਪਣੀਆਂ ਪਤਨੀਆਂ ਤੇ ਬੱਚਿਆਂ ਨੂੰ ਇੱਥੇ ਬੁਲਾ ਸਕਦੇ ਹਨ। ਹਾਲਾਂਕਿ, ਇਸ ਕਿਤਾਬ ਵਿੱਚ ਅਤੇ ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ ਦੀ ਵੈਬਸਾਈਟ ਮੁਤਾਬਕ, ਕੈਨੇਡਾ ਦੀ ਧਰਤੀ ‘ਤੇ ਪੈਦਾ ਹੋਏ ਪਹਿਲੇ ਸਿੱਖ ਹਰਦਿਆਲ ਸਿੰਘ ਅਟਵਾਲ ਨੂੰ ਦੱਸਿਆ ਗਿਆ ਹੈ। ਉਨ੍ਹਾਂ ਦਾ ਜਨਮ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਵਿੱਚ 28 ਅਗਸਤ, 1912 ਨੂੰ ਹੋਇਆ ਸੀ। ਉਨ੍ਹਾਂ ਦੇ ਪਿਤਾ ਬਲਵੰਤ ਸਿੰਘ, ਉੱਥੋਂ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਨ ਅਤੇ ਮਾਂ ਕਰਤਾਰ ਕੌਰ ਸਨ।

1907 ਵਿੱਚ ਵੋਟਿੰਗ ਹੱਕਾਂ ਤੋਂ ਵਾਂਝਾ ਕੀਤੇ ਜਾਣ ਵਾਲੇ ਸਿੱਖਾਂ ਪ੍ਰਤੀ ਅਪ੍ਰੈਲ 1947 ਵਿੱਚ ਨਿਯਮ ਬਦਲੇ ਗਏ ਜਿਸ ਨਾਲ ਸਿੱਖਾਂ ਅਤੇ ਹੋਰ ਈਸਟ ਇੰਡੀਅਨਜ਼ ਨੂੰ ਵੋਟ ਦਾ ਅਧਿਕਾਰ ਮਿਲਿਆ। ਇਸ ਸਾਲ ਤੋਂ ਉੱਥੇ ਰਹਿਣ ਵਾਲੇ ਸਿੱਖ ਵੀ ਆਖਿਰ ਕੈਨੇਡੀਅਨ ਬਣ ਗਏ ਸੀ। ਇਸ ਤੋਂ ਬਾਅਦ, ਸਿੱਖ ਉੱਥੋਂ ਦੀ ਸਿਆਸਤ ਵਿੱਚ ਵੀ ਹਿੱਸਾ ਲੈਣ ਲੱਗੇ ।1950 ਵਿੱਚ ਪਹਿਲੀ ਵਾਰ ਨਿਰੰਜਨ ਸਿੰਘ ਗਰੇਵਾਲ਼, ਬ੍ਰਿਟਿਸ਼ ਕੋਲੰਬੀਆ ਦੇ ਸਿਟੀ ਕਾਊਂਸਲ ਲਈ ਚੁਣੇ ਗਏ ਸੀ। ਪੰਜਾਬ ਵਿੱਚ 1980 ਤੋਂ 1992 ਤੱਕ ਜਦੋਂ ਸਰਕਾਰੀ ਅੱਤਵਾਦ ਦਾ ਦੌਰ ਰਿਹਾ, ਇੱਕ ਵਾਰ ਫਿਰ ਸਿੱਖਾਂ ਦੇ ਵਿਦੇਸ਼ਾਂ ਵੱਲ ਰੁਖ ਕਰਨ ਦੀ ਲਹਿਰ ਚੱਲੀ।“ਕੁਝ ਲੋਕ ਤਾਂ ਕਾਨੂੰਨੀ ਤੌਰ ਤੇ ਗਏ, ਪੰਜਾਬ ਵਿੱਚ ਮਾਹੌਲ ਵਿਗੜਨ ਕਾਰਨ ਕੁਝ ਲੋਕਾਂ ਨੇ ਵਿਦੇਸ਼ਾਂ ਵਿੱਚ ਜਾਣ ਦੇ ਗੈਰ-ਕਾਨੂੰਨੀ ਰਾਹ ਵੀ ਅਪਣਾਏ।“ਉਸ ਵੇਲੇ ਮਾਪਿਆਂ ਦਾ ਆਪਣੇ ਨੌਜਵਾਨ ਮੁੰਡਿਆਂ ਨੂੰ ਪੰਜਾਬ ਤੋਂ ਬਾਹਰ ਸੁਰੱਖਿਅਤ ਸਮਝਣਾ ਵੀ ਉਸ ਦੌਰ ਦੇ ਪਰਵਾਸ ਦਾ ਕਾਰਨ ਬਣਿਆ।“ਪਿਛਲੇ ਵੀਹ ਸਾਲਾਂ ਵਿੱਚ ਕੈਨੇਡਾ ਵਿੱਚ ਸਿੱਖਾਂ ਦੀ ਗਿਣਤੀ ਦੁਗਣੀ ਹੋਈ ਹੈ। ਡਾ. ਤੇਜਿੰਦਰ ਕੌਰ ਦੱਸਦੇ ਹਨ ਕਿ ਕੈਨੇਡਾ ਜਾਣ ਲਈ ਆਈਲਟਸ ਦੀ ਪ੍ਰਕਿਰਿਆ, ਕੈਨੇਡਾ ਦੀਆਂ ਨਵੀਂਆਂ ਇਮੀਗਰੇਸ਼ਨ ਨੀਤੀਆਂ ਨਾਲ ਪਰਵਾਸ ਦਾ ਇੱਕ ਨਵਾਂ ਦੌਰ ਆਇਆ। “ਕਿਸੇ ਵੇਲੇ ਲੋਕ ਕੈਨੇਡਾ ਕਮਾਈ ਲਈ ਜਾਂਦੇ ਸੀ, ਪੰਜਾਬ ਆ ਕੇ ਜ਼ਮੀਨਾਂ ਬਣਾਉਂਦੇ ਸੀ ਅਤੇ ਪਰ ਹੁਣ ਉਹ ਦੌਰ ਆ ਗਿਆ ਹੈ ਜਦੋਂ ਲੋਕ ਆਪਣੀਆਂ ਨੌਕਰੀਆਂ ਛੱਡ ਕੇ ਜਾਂ ਜ਼ਮੀਨਾਂ ਵੇਚ ਕੇ ਬਾਹਰ ਜਾ ਰਹੇ ਹਨ। ਮੌਜੂਦਾ ਸਮੇਂ, ਪਰਵਾਸ ਰੁਜ਼ਗਾਰ ਦੀ ਲੋੜ ਨਾ਼ਲੋਂ ਇੱਕ ਬਿਮਾਰੀ ਦੀ ਤਰ੍ਹਾਂ ਵਧੇਰੇ ਜਾਪ ਰਿਹਾ ਹੈ।”ਡਾ. ਤੇਜਿੰਦਰ ਕਹਿੰਦੇ ਹਨ ਕਿ ਆਈਲਟਸ ਸਿਸਟਮ ਸ਼ੁਰੂ ਹੋਣ ਨਾਲ, ਕੁੜੀਆਂ ਦੀ ਪਰਵਾਸ ਵਿੱਚ ਭੂਮਿਕਾ ਬਹੁਤ ਬਦਲੀ ਹੈ। ਜਦਕਿ ਹੁਣ ਵਧੇਰੇ ਕੁੜੀਆਂ ਸਟੱਡੀ ਵੀਜ਼ੇ ‘ਤੇ ਬਾਹਰ ਜਾਂਦੀਆਂ ਹਨ ਅਤੇ ਉਹ ਵਿਆਹ ਕਰਕੇ ਮੁੰਡੇ ਬਾਹਰ ਲਿਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਦੁਆਬੇ ਤੇ ਮਾਝੇ ਤੋਂ ਬਾਅਦ ਹੁਣ ਇਹ ਲਹਿਰ ਮਾਲਵੇ ਦੇ ਲੋਕਾਂ ਨੂੰ ਕੈਨੇਡਾ ਲਿਜਾ ਰਹੀ ਹੈ। ਡਾ. ਤੇਜਿੰਦਰ ਨੇ ਕਿਹਾ, “ਇਸ ਦੌਰ ਵਿੱਚ ਸਾਡਾ ਸਮਾਜਿਕ ਢਾਂਚਾ ਵੀ ਕਾਫ਼ੀ ਬਦਲਿਆ ਹੈ। ਕੈਨੇਡਾ ਜਾਂ ਹੋਰ ਬਾਹਰਲੇ ਮੁਲਕਾਂ ਵਿੱਚ ਜਾ ਵਸਣ ਦੀ ਚਾਹ ਵਿੱਚ ਲੋਕ ਜਾਤ-ਪਾਤ ਜਾਂ ਆਰਥਿਕ ਸਥਿਤੀ ਨੂੰ ਅਣਗੌਲਿਆਂ ਕਰਨ ਲੱਗੇ ਹਨ।“ਆਈਲਟਸ ਪਾਸ ਕੁੜੀ, ਭਾਵੇਂ ਗਰੀਬ ਘਰ ਦੀ ਹੋਵੇ, ਦੌਲਤਮੰਦ ਪਰਿਵਾਰ ਉਸ ਨੂੰ ਵਿਦੇਸ਼ ਭੇਜਣ ਦਾ ਖ਼ਰਚਾ ਚੁੱਕਦੇ ਹਨ ਤਾਂ ਕਿ ਉਨ੍ਹਾਂ ਦੇ ਲੜਕੇ ਨੂੰ ਬਾਹਰ ਲੈ ਜਾਵੇ।”ਉਨ੍ਹਾਂ ਦੱਸਿਆ ਕਿ ਇਹ ਸਾਲ 2000 ਤੋਂ ਬਾਅਦ ਹੀ ਹੋਇਆ ਹੈ ਕਿ ਹੁਣ ਬਾਰ੍ਹਵੀਂ ਕਰਨ ਬਾਅਦ, 18-19 ਸਾਲ ਦੀ ਉਮਰ ਵਿੱਚ ਹੀ ਬੱਚੇ ਬਾਹਰ ਜਾ ਰਹੇ ਹਨ, ਜਦਕਿ ਇਸ ਤੋਂ ਪਹਿਲਾਂ ਅਜਿਹਾ ਨਹੀਂ ਹੁੰਦਾ ਸੀ। ਪਹਿਲਾਂ ਆਦਮੀ ਵਿਦੇਸ਼ ਜਾਂਦੇ ਸੀ ਅਤੇ ਆਪਣੇ ਬੱਚਿਆਂ ਨੂੰ ਸੱਦਦੇ ਸਨ। ਹੁਣ ਬੱਚੇ ਵਿਦੇਸ਼ ਜਾਂਦੇ ਹਨ ਅਤੇ ਮਾਪਿਆਂ ਨੂੰ ਸੱਦਦੇ ਹਨ। ਕੈਨੇਡਾ ਨੂੰ ਆਪਣੀ ਆਰਥਿਕਤਾ ਚਲਾਉਣ ਲਈ ਜਿਸ ਤਰ੍ਹਾਂ ਦੀ ਨੌਜਵਾਨ ਲੇਬਰ ਦੀ ਲੋੜ ਹੈ, ਉਸ ਦੀ ਪੂਰਤੀ ਸਿੱਖ ਬੱਚਿਆਂ ਸਮੇਤ ਭਾਰਤੀ ਤੇ ਹੋਰ ਏਸ਼ੀਅਨ ਮੂਲ ਦੇ ਬੱਚੇ ਕਰ ਰਹੇ ਹਨ। ਕੈਨੇਡਾ ਦੀ ਵਿਦਿਆਰਥੀਆਂ ਨੂੰ ਵੀਜ਼ੇ ਦੇਣ ਦੀ ਖੁੱਲ੍ਹ ਪੰਜਾਬ ਵਿੱਚੋਂ ਪਰਵਾਸ ਦੀ ਮੌਜੂਦਾ ਲਹਿਰ ਨੂੰ ਸਿੱਧੇ ਤੌਰ ‘ਤੇ ਪ੍ਰਭਾਵਿਤ ਕਰ ਰਹੀ ਹੈ। ਉਹ ਕਹਿੰਦੇ ਹਨ ਕਿ ਹੁਣ ਭਾਵੇਂ ਸਿੱਖ ਵਿਦਿਆਰਥੀ ਵਜੋਂ, ਕੈਨੇਡਾ ਜਾ ਰਹੇ ਹਨ ਪਰ ਉਨ੍ਹਾਂ ਦਾ ਮਕਸਦ ਉੱਥੇ ਹੀ ਵਸ ਜਾਣ ਦਾ ਹੁੰਦਾ ਹੈ। ਉਹ ਸ਼ੁਰੂਆਤੀ ਸਾਲਾਂ ਵਿੱਚ ਹੀ ਘਰ ਲੈਣ ਦਾ ਜਾਂ ਗੱਡੀਆਂ ਲੈਣ ਦਾ ਫ਼ੈਸਲਾ ਕਰ ਲੈਂਦੇ ਹਨ। ਹੁਣ ਕੈਨੇਡਾ ਵਿੱਚ ਕਾਫ਼ੀ ਗੁਰਦੁਆਰਾ ਸਾਹਿਬ ਬਣਨਾ, ਸੱਭਿਆਚਾਰਕ ਗਰੁਪ ਬਣਨਾ, ਸਿੱਖਾਂ ਦੀ ਗਿਣਤੀ ਵਧਣਾ ਉੱਥੇ ਰਹਿੰਦੇ ਸਿੱਖਾਂ ਲਈ ਇੱਕ ਸਕਰਾਤਮਕਤਾ ਪੈਦਾ ਕਰਦਾ ਹੈ।

ਵੀਹਵੀਂ ਸਦੀ ਦੀ ਸ਼ੁਰੂਆਤ ਤੋਂ ਕੈਨੇਡਾ ਵਿੱਚ ਸਿੱਖਾਂ ਨੇ ਕਈ ਤਰ੍ਹਾਂ ਦਾ ਸੰਘਰਸ਼ ਕੀਤਾ। ਨਸਲੀ ਨਫ਼ਰਤ ਤੋਂ ਲੈ ਕੇ, ਆਪਣੀ ਧਾਰਮਿਕ ਪਛਾਣ ਨੂੰ ਕਾਇਮ ਕਰਨ ਤੱਕ ਦੀ ਲੜਾਈ ਲੜੀ। ਹੁਣ ਸਿੱਖ ਕੈਨੇਡਾ ਵਿੱਚ ਹਰ ਖੇਤਰ ਵਿੱਚ ਭੂਮਿਕਾ ਨਿਭਾ ਰਹੇ ਹਨ। ਇੱਥੋਂ ਤੱਕ ਕਿ ਕੈਨੇਡਾ ਸਰਕਾਰ ਵਿੱਚ ਐੱਮਪੀ ਹਨ ਅਤੇ ਮੰਤਰੀ ਹਨ। ਸਾਲ 2015 ਵਿੱਚ ਕੈਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਕਿ ਕੈਬਨਿਟ ਦੇ ਚਾਰ ਮੰਤਰੀ ਸਿੱਖ ਸਨ। ਸਾਲ 2021 ਦੇ ਅੰਕੜਿਆਂ ਮੁਤਾਬਕ, ਕੈਨੇਡਾ ਵਿੱਚ ਸਿੱਖਾਂ ਦੀ ਗਿਣਤੀ 7.71 ਲੱਖ ਹੈ। ਕੈਨੇਡਾ ਦੀ ਅਬਾਦੀ ਦਾ 2.1 ਫੀਸਦੀ ਹਿੱਸਾ ਸਿੱਖ ਹਨ, ਜਿਸ ਕਾਰਨ ਉੱਥੋਂ ਦੀ ਸਿਆਸਤ ਲਈ ਵੀ ਬੇਹਦ ਅਹਿਮ ਹਨ। ਪੰਜਾਬੀ ਭਾਸ਼ਾ, ਕੈਨੇਡਾ ਦੀ ਤੀਜੀ ਸਭ ਤੋਂ ਹਰਮਨ ਪਿਆਰੀ ਭਾਸ਼ਾ ਹੈ।


GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All



Full Cleaning Service
ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ। ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।
ਹੋਰ ਜਾਣਕਾਰੀ ਲਈ ਫੋਨ ਕਰੋ
604-518-4698



THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਰਾਹੁਲ ਗਾਂਧੀ ਨੂੰ ਦਰਬਾਰ ਸਾਹਿਬ ਕਿਸੇ ਸਿੱਖ ਨੇ ਓਏ ਵੀ ਨਹੀਂ ਆਖਿਆ?





ਇਹ ਸਚਾਈ ਤਾਂ ਸਭ ਨੂੰ ਪਤਾ ਹੀ ਹੈ ਕਿ ਸ਼ੇਰ ਅਤੇ ਕੁੱਤੇ ਵਿੱਚ ਫਰਕ ਹੁੰਦਾ ਹੈ, ਪ੍ਰੰਤੂ ਦੋਹਾਂ ਵਿੱਚ ਇੱਕ ਸਿਧਾਂਤਕ ਫਰਕ ਵੀ ਹੈ। ਜਿਸ ਨੂੰ ਪਰਖਣਾ ਹੋਵੇ ਤਾਂ ਕਦੇ ਕੁੱਤੇ ਨੂੰ ਸੋਟੀ ਮਾਰਕੇ ਦੇਖੋ ਕੁੱਤਾ ਤੁਹਾਡੀ ਸੋਟੀ ਨੂੰ ਵੱਢਣ ਪਵੇਗਾ ? ਪ੍ਰੰਤੂ ਜਦੋਂ ਕਿਸੇ ਸ਼ੇਰ ਉੱਤੇ ਵਾਰ ਕਰੋਗੇ ਤਾਂ ਸ਼ੇਰ ਹਥਿਆਰ ਨੂੰ ਨਹੀਂ, ਸਗੋਂ ਤੁਹਾਡੇ ਸਿਰ ਨੂੰ ਸਿੱਧਾ ਆਵੇਗਾ। ਇਸ ਕਰਕੇ ਹੀ ਗੁਰੂ ਸਾਹਿਬ ਨੇ ਸਿੱਖ ਨੂੰ ਜੋ ਸਿੰਘ (ਸ਼ੇਰ) ਦਾ ਦਰਜਾ ਦਿੱਤਾ ਹੈ, ਉਸ ਦਾ ਮਤਲਬ ਹੈ ਕਿ ਹਥਿਆਰਾਂ ਜਾਂ ਹਮਲਾਵਰ ਦੇ ਬੱਚਿਆਂ ਜਾਂ ਕੌਮ ਨੂੰ ਨਿਸ਼ਾਨਾ ਨਹੀਂ ਬਣਾਉਣਾ, ਸਗੋਂ ਸ਼ੇਰ ਵਾਂਗੂੰ ਹਮਲਾਵਰ ਬਾਦਸ਼ਾਹ ਉੱਤੇ ਝਪਟਣਾ ਹੈ। ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਜ਼ਾਲਮਾਂ ਨੂੰ ਸਜ਼ਾਵਾਂ ਜਰੂਰ ਦਿੱਤੀਆਂ ਪ੍ਰੰਤੂ ਕਿਸੇ ਬੇਗੁਨਾਹ ਨੂੰ ਨਹੀਂ। ਤਾਜ਼ਾ ਮਿਸਾਲ ਹੈ ਕਿ ਦਰਬਾਰ ਸਾਹਿਬ ਉੱਤੇ ਫੌਜ਼ੀ ਹਮਲਾ ਕਰਵਾਉਣ ਵਾਲੀ ਇੰਦਰਾ ਗਾਂਧੀ ਅਤੇ ਹਮਲਾ ਕਰਨ ਵਾਲੀ ਫੌਜ਼ ਦੀ ਕਮਾਂਡ ਕਰਨ ਵਾਲੇ ਜਨਰਲ ਵੈਦਿਆ ਜਾਂ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਬੇਅੰਤ ਸਿਹੁੰ ਵਰਗਿਆਂ, ਉੱਤੇ ਸਿੱਧੇ ਹਮਲੇ ਕੀਤੇ। ਕਦੇ ਉਹਨਾਂ ਦੇ ਪਰਿਵਾਰਾਂ ਨੂੰ ਕਈ ਨੁਕਸਾਨ ਨਹੀਂ ਪਹੁੰਚਾਇਆ ?ਰਜੀਵ ਗਾਂਧੀ ਉੱਤੇ ਵੀ ਸੁਨਾਮ ਦੇ ਭਾਈ ਕਰਮਜੀਤ ਸਿੰਘ ਨੇ ਇਸ ਕਰਕੇ ਹਮਲਾ ਕੀਤਾ ਕਿ ਉਸ ਨੇ ਇੰਦਰਾ ਦੀ ਮੌਤ ਤੋਂ ਬਾਅਦ ਦਿੱਲੀ ਸਮੇਤ ਪੂਰੇ ਭਾਰਤ ਵਿੱਚ ਸਿੱਖਾਂ ਦਾ ਕਤਲੇਆਮ ਕਰਵਾਇਆ ਸੀ ? ਸੱਜਣ ਕੁਮਾਰ, ਜਗਦੀਸ਼ ਟਾਈਟਲਰ ਜਾਂ ਹੋਰ ਕਿੰਨੇ ਦਿੱਲੀ ਸਮੇਤ ਸਾਰੇ ਭਾਰਤ ਵਿੱਚ ਸਿੱਖਾਂ ਦੀ ਨਸਲਕੁਸ਼ੀ ਲਈ ਜਿੰਮੇਵਾਰ ਹਨ,ਪ੍ਰੰਤੂ ਕਦੇ ਕਿਸੇ ਦੇ ਪਰਿਵਾਰ ਉੱਤੇ ਹਮਲਾ ਨਹੀਂ ਹੋਇਆ ? ਉਸ ਦਾ ਕਾਰਨ ਇਹ ਹੀ ਹੈ ਕਿ ਸਿੱਖ ਕਿਸੇ ਜਮਾਤ ਜਾਂ ਧਰਮ ਨਾਲ ਦੁਸ਼ਮਣੀ ਨਹੀਂ ਪਾਲਦੇ ? ਬੇਸ਼ੱਕ ਖੁਫੀਆ ਏਜੰਸੀਆਂ,ਕਿਸੇ ਖਾਸ ਪਾਰਟੀ ਦਾ ਵੋਟ ਬੈਂਕ ਵਧਾਉਣ ਲਈ, ਮਨਘੜਤ ਰਿਪੋਰਟਾਂ ਦਿੰਦੀਆਂ ਹਨ ਕਿ ਫਲਾਣੇ ਪਰਿਵਾਰ ਨੂੰ ਖਤਰਾ ਹੈ ? ਪੰਤੂ ਸਿੱਖ ਬੁਜ਼ਦਿਲ ਨਹੀਂ ਹਨ, ਕਿ ਕਿਸੇ ਨੂੰ ਨਜ਼ਾਇਜ਼ ਹੀ ਮਾਰ ਦੇਣ ? ਇਹ ਵੱਖਰੀ ਗੱਲ ਹੈ ਕਿ ਏਜੰਸੀਆਂ ਆਪਣੇ ਬੰਦਿਆਂ ਨੂੰ ਸਿੱਖ ਭੇਸ ਵਿੱਚ ਭੇਜ ਕੇ ਕੋਈ ਕਾਰਾ ਕਰਵਾਕੇ,ਸਿੱਖਾਂ ਦੇ ਨਾਮ ਮੜ੍ਹ ਦੇਣ ? ਇਹ ਦਾਸ ਲੇਖਕ ਆਪਣੇ ਕੋਲੋਂ ਨਹੀਂ ਕਹਿੰਦਾ, ਅਜਿਹਾ ਭੇਦ ਆਈ.ਬੀ. ਦੇ ਸਾਬਕਾ ਸਪੈਸ਼ਲ ਡਾਇਰੈਕਟ 'ਸ੍ਰੀ ਮਲੋਏ ਕ੍ਰਿਸ਼ਨਾ ਧਰ", ਆਪਣੀ ਕਿਤਾਬ "ਖੁੱਲ੍ਹੇ ਭੇਦ" ਵਿੱਚ ਲਿਖ ਚੁੱਕੇ ਹਨ ਕਿ ਏਜੰਸੀਆਂ ਨੇ ਕਿਵੇਂ ਸਿੱਖਾਂ ਖਾੜਕੂਆਂ ਨੂੰ ਬਦਨਾਮ ਕਰਨ ਵਾਸਤੇ, ਕੁੱਝ ਬੇਗੁਨਾਹ ਹਿੰਦੂਆਂ ਉੱਤੇ ਹਮਲੇ ਕੀਤੇ ਸਨ?ਹੁਣ ਵੋਟਾਂ ਨੇੜੇ ਹਨ। ਇੱਕ ਵਾਰ ਫਿਰ ਹਿੰਦੂ ਵੋਟ ਬੈਂਕ ਨੂੰ ਇਕੱਠਾ ਕਰਕੇ, ਭਗਵੇਂ ਪੱਲੇ ਵਿੱਚ ਬੰਨ੍ਹਣ ਲਈ, ਅਜਿਹਾ ਪ੍ਰਚਾਰ ਜ਼ੋਰਾਂ ਤੇ ਹੈ । ਦੇਸ਼ ਵਿਦੇਸ਼ ਤੋਂ ਭਾਰਤੀ ਏਜੰਸੀਆਂ ਅਤੇ ਗੋਦੀ ਮੀਡੀਆ ਚੌਵੀ ਘੰਟੇ ਸੁੰਘਦਾ ਫਿਰਦਾ ਹੈ ਕਿ ਕੋਈ ਛੋਟੀ ਮੋਟੀ ਗੱਲ ਮਿਲੇ ਤਾਂ ਖੰਭ ਦੀ ਡਾਰ ਬਣਾਕੇ, ਸਿੱਖਾਂ ਨੂੰ ਭੰਡਿਆ ਜਾਵੇ। ਸਿੱਖਾਂ ਖਿਲਾਫ ਇੱਕ ਨਫਰਤ ਅਤੇ ਭਾਰਤੀ ਬਹੁਗਿਣਤੀ ਦੇ ਲੋਕਾਂ ਦੇ ਮਨ ਵਿੱਚ ਇੱਕ ਡਰ ਪੈਦਾ ਕੀਤਾ ਜਾਵੇ ਕਿ ਸਿੱਖਾਂ ਨੇ ਭਾਰਤ ਨੂੰ ਜਾਂ ਇੱਥੋਂ ਦੇ ਲੋਕਾਂ ਨੂੰ ਨਿਗਲ ਜਾਣਾ ਹੈ ? ਪ੍ਰੰਤੂ ਇਹਨਾਂ ਲੋਕਾਂ ਨੂੰ ਦੇਖਣ ਕਿ ਕੁਝ ਦਿਨ ਪਹਿਲਾਂ (1-2 ਅਕਤੂਬਰ 2023) ਦਰਬਾਰ ਸਾਹਿਬ ਉੱਤੇ ਜੂਨ 1984 ਵਿੱਚ ਫੌਜ਼ੀ ਹਮਲਾ ਕਰਵਾਉਣ ਵਾਲੀ, ਇੰਦਰਾ ਗਾਂਧੀ ਦੇ ਪੋਤਰੇ ਅਤੇ ਸਿੱਖਾਂ ਦੇ ਕਤਲੇਆਮ ਲਈ ਮੁੱਖ ਦੋਸ਼ੀ ਰਜੀਵ ਗਾਂਧੀ ਦੇ ਪੁੱਤਰ ਰਾਹੁਲ ਗਾਂਧੀ, ਦੀ ਦਰਬਾਰ ਸਾਹਿਬ ਦੇ ਦਰਸ਼ਨਾਂ ਕਰਨ ਆਏ ਨੂੰ ਵੇਖਣਾ ਚਾਹੀਦਾ ਹੈ, ਕਿ ਏਡਾ ਬੱਜਰ ਗੁਨਾਹ ਕਰਨ ਵਾਲੇ ਪਰਿਵਾਰ ਦਾ ਮੈਂਬਰ ਬੇਖੌਫ ਹੋਕੇ ਦਰਬਾਰ ਸਾਹਿਬ ਦਰਸ਼ਨ ਕਰਕੇ ਬੜੇ ਅਰਾਮ ਨਾਲ ਵਾਪਿਸ ਗਿਆ ਹੈ ? ਪ੍ਰੰਤੂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਠਿੰਡਾ ਦੇ ਹਵਾਈ ਅੱਡੇ ਤੋਂ ਜੁਮਲਾ ਸੁਣਾ ਕੇ ਚਲੇ ਗਏ ਸਨ, ਕਿ ਆਪਣੇ ਮੁੱਖ ਮੰਤਰੀ ਨੂੰ ਕਹਿ ਦੇਣਾ ਕਿ ਮੈਂ (ਨਰਿੰਦਰ ਮੋਦੀ) ਆਪਣੀ ਜਾਨ ਬਚਾਕੇ ਵਾਪਿਸ ਜਾ ਰਿਹਾ ਹਾਂ" ?ਮੀਡੀਆ ਵਿੱਚ ਸਾਂਝੀਆਂ ਹੋ ਰਹੀਆਂ ਫੋਟੋਆਂ ਜਾਂ ਵੀਡੀਓ ਵਿੱਚ ਰਾਹੁਲ ਗਾਂਧੀ ਦਰਬਾਰ ਸਾਹਿਬ ਵਿੱਚ ਬੜੀ ਸ਼ਰਧਾ ਨਾਲ ਪਾਲਕੀ ਸਾਹਿਬ ਨੂੰ ਮੋਢਾ ਦਿੰਦੇ ਦਿਖਾਈ ਦੇ ਰਹੇ ਹਨ।ਸਿਵਲ ਵਰਦੀ ਵਿੱਚ ਕੁਝ ਸੁਰਖਿਆ ਮੁਲਾਜ਼ਮ ਸਨ ਪ੍ਰੰਤੂ ਦਾਸ ਲੇਖਕ ਇਹ ਗੱਲ ਦਾਹਵੇ ਨਾਲ ਕਹਿ ਸਕਦਾ ਹੈ ਕਿਉਂਕਿ ਮੇਰਾ ਆਪਣੀ ਕੰਮ ਤੇ ਵਿਸ਼ਵਾਸ਼ ਹੈ ਕਿ ਜੇ ਰਾਹੁਲ ਗਾਂਧੀ ਨਾਲ ਇੱਕ ਵੀ ਸੁਰੱਖਿਆ ਕਰਮਚਾਰੀ ਨਾ ਹੋਵੇ ਤਾਂ ਵੀ ਕੋਈ ਉਸ ਨੂੰ ਕਿਸੇ ਨੇ ਫੁੱਲ ਤੱਕ ਵੀ ਨਹੀਂ ਮਾਰਨਾ ਸੀ ? ਪ੍ਰੰਤੂ ਇਸ ਦਾ ਮਤਲਬ ਇਹ ਨਹੀਂ ਕਿ ਰਾਹੁਲ ਗਾਂਧੀ ਪ੍ਰਤੀ ਸਿੱਖਾਂ ਦੀ ਅਜਿਹੀ ਭਾਵਨਾਂ ਨੇ ਇੰਦਰਾ ਗਾਂਧੀ ਜਾਂ ਰਜੀਵ ਗਾਂਧੀ ਦੇ ਗੁਨਾਹ ਮਾਫ ਕਰ ਦਿੱਤੇ ਹਨ ? ਇਹ ਜ਼ਖਮ ਤਾਂ ਜਦੋਂ ਤੱਕ ਦੁਨੀਆਂ ਰਹੇਗੀ ਦਰਦ ਦਿੰਦੇ ਰਹਿਣਗੇ, ਪ੍ਰੰਤੂ ਇਹਨਾਂ ਜ਼ਖਮਾਂ ਨੂੰ 1984 ਵੇਲੇ ਦੇ ਇੱਕ 14 ਵਰ੍ਹਿਆਂ ਦੇ ਬਾਲ ਦੇ ਸਿਰ ਨਹੀਂ ਬੰਨ੍ਹਿਆ ਜਾ ਸਕਦਾ ? ਅਜਿਹੀ ਘਟੀਆ ਸੋਚ ਤਾਂ ਵਜ਼ੀਦਾ ਖਾਨ ਸੂਬਾ ਸਰਹਿੰਦ ਜਾਂ ਦੀਵਾਨ ਸੁੱਚਾ ਨੰਦ ਦੀ ਹੋ ਸਕਦੀ ਹੈ ਕਿ 7 ਅਤੇ 9 ਸਾਲ ਦੇ ਬਾਲਾਂ ਨੂੰ ਵੀ ਦੁਸ਼ਮਣ ਸਮਝ ਲੈਣ।ਇਹ ਰਾਹੁਲ ਗਾਂਧੀ ਉੱਤੇ ਨਿਰਭਰ ਕਰੇਗਾ ਕਿ ਉਹ ਜੇ ਉਹ ਰਾਜਭਾਗ ਦੇ ਮਾਲਿਕ ਬਣੇ ਤਾਂ ਭਵਿੱਖ ਵਿੱਚ ਸਿੱਖਾਂ ਨਾਲ ਆਪਣੀ ਦਾਦੀ ਜਾਂ ਪਿਤਾ ਵਾਂਗੂੰ ਨਫਰਤ ਰੱਖਣਗੇ ਜਾਂ "ਆਗੇ ਸਮਝ ਚਲੋ ਨੰਦਲਾਲਾ' ਦਾ ਸਿਧਾਂਤ ਅਪਣਾਉਣਗੇ? ਖਾਸ ਕਰਕੇ ਰਾਜਸੱਤ੍ਹਾ ਦੇ ਨਸ਼ੇ ਵਿੱਚ ਅੰਨ੍ਹੇ ਲੋਕਾਂ ਨੂੰ ਇਤਿਹਾਸ ਦੀ ਕਿਤਾਬ ਦੇ ਹਰਫ ਹੀ ਨਜ਼ਰ ਨਹੀਂ ਆਉਂਦੇ।ਸਿੱਖ ਇਤਿਹਾਸ ਦੇ ਪੰਨੇ ਪੜ੍ਹੋ ਔਰੰਗਜ਼ੇਬ ਇੱਕ ਵੱਡਾ ਜ਼ੁਲਮੀ ਬਾਦਸ਼ਾਹ ਹੋਇਆ ਹੈ। ਜਿਸ ਨੇ ਗੁਰੂ ਸਾਹਿਬ ਉੱਤੇ ਬਹੁਤ ਕਹਿਰ ਢਾਹੇ ਹਨ,ਗੁਰੂ ਗੋਬਿੰਦ ਸਿੰਘ ਦਾ ਸਾਰਾ ਸਰਬੰਸ ਹੀ ਔਰੰਗਜ਼ੇਬ ਦੇ ਰਾਜ ਵਿੱਚ ਸ਼ਹੀਦ ਹੋਇਆ ਹੈ।ਪ੍ਰੰਤੂ ਗੁਰੂ ਗੋਬਿੰਦ ਸਿੰਘ ਨੇ ਤਾਂ ਉਸ ਦੇ ਪੁੱਤਰ ਬਹਾਦਰਸ਼ਾਹ ਨਾਲ ਵੀ ਕੋਈ ਰੰਜ਼ਿਸ਼ ਨਹੀਂ ਰੱਖੀ ,ਸਗੋਂ ਉਸ ਵੱਲੋਂ ਗੁਰੂ ਸਾਹਿਬ ਤੋਂ ਮਦਦ ਮੰਗੇ ਜਾਣ ਤੇ ਗੁਰੂ ਸਾਹਿਬ ਨੇ ਉ ਨੂੰ ਰਾਜ ਤਖਤ ਦਾ ਮਲਿਕ ਵੀ ਬਣਾਇਆ?ਸਿੱਖਾਂ ਦੀ ਨਾ ਕਦੇ ਪਹਿਲਾਂ ਨਾ ਅੱਜ ਕਿਸੇ ਫਿਰਕੇ ਜਾਂ ਕੰਮ ਨਾਲ ਦੁਸ਼ਮਣੀ ਹੈ ਅਤੇ ਨਾ ਹੀ ਕਿਸੇ ਨੂੰ ਕਿਸੇ ਗੁਰਦਵਾਰੇ ਆਉਣ ਤੋਂ ਕੋਈ ਮਨਾਹੀ ਹੈ। ਬਸ ਇੱਕ ਫਰਕ ਜ਼ਰੂਰ ਚੇਤੇ ਰੱਖੋਂ ਕਿ ਸ਼ਰਧਾ ਨਾਲ ਆਉਣ ਵਾਲਿਆਂ ਨੂੰ ਸਿਰਪਾਓ ਸਤਿਕਾਰ ਅਤੇ ਗੁਰੂ ਦੀਆਂ ਅਸੀਸਾਂ ਮਿਲਦੀਆਂ ਹਨ ਅਤੇ ਦੇਗ ਮਿਲਦੀ ਹੈ। ਪ੍ਰੰਤੂ ਬੇਈਮਾਨੀ ਜਾਂ ਬਦਨੀਤੀ ਨਾਲ ਆਉਣ ਵਾਲੇ ਜਾਂ ਕਿਸੇ ਹਮਲਾਵਰ ਨੂੰ, ਸਿੱਖ ਆਪਣੇ ਵਿਰਸੇ ਅਨੁਸਾਰ ਤੇਗ ਨਾਲ ਜਵਾਬ ਦਿੰਦੇ ਹਨ। ਭਾਰਤੀ ਏਜੰਸੀਆਂ ਜਾਂ ਗੋਦੀ ਮੀਡੀਆ ਜਿਵੇਂ ਹੋਰ ਘਟਨਾਵਾਂ ਨੂੰ ਦਿਖਾਕੇ ਸਿੱਖਾਂ ਨੂੰ ਬਦਨਾਮ ਕਰਨ ਦਾ ਯਤਨ ਕਰਦਾ ਹੈ,ਉਸ ਤਰ੍ਹਾਂ ਹੁਣ ਬੇਖੌਫ ਹੋਕੇ ਦਰਬਾਰ ਸਾਹਿਬ ਵਿੱਚ ਸੇਵਾ ਕਰਦੇ ਅਤੇ ਪਾਲਕੀ ਸਾਹਿਬ ਨੂੰ ਮੋਢਾ ਦੇ ਰਹੇ ਰਾਹੁਲ ਗਾਂਧੀ ਨੂੰ ਵੀ ਦਿਖਾਉਣਾ ਚਾਹੀਦਾ ਸੀ ਕਿ ਦੇਖੋ ਦਰਬਾਰ ਸਾਹਿਬ ਵਿੱਚ ਕਿਸੇ ਨੂੰ ਕੋਈ ਖਤਰਾ ਨਹੀਂ, ਕੋਈ ਵੀ ਨੇਕਨੀਤੀ ਨਾਲ ਮਨ ਸਾਫ ਕਰਕੇ ਆ ਸਕਦਾ ਹੈ। ਕਿਉਂਕਿ ਰਾਹੁਲ ਗਾਂਧੀ ਨੂੰ ਦਰਬਾਰ ਸਾਹਿਬ ਕਿਸੇ ਸਿੱਖ ਨੇ ਓਏ ਵੀ ਨਹੀਂ ਆਖਿਆ ? ਫਿਰ ਹੁਣ ਗੁਰਦਵਾਰਿਆਂ ਜਾਂ ਸਿੱਖਾਂ ਨੂੰ ਲੈਕੇ ਭੰਡੀ ਪ੍ਰਚਾਰ ਕਰਨ ਵਾਲੇ ਜਵਾਬ ਦੇਣ ?

ਗੁਰ ਰਾਖਾ। – ਗੁਰਿੰਦਰਪਾਲ ਸਿੰਘ ਧਨੌਲਾ


FRASERVIEW MEATS

The Name of Guaranteed Quality Meats







Number One Quality Meat in Lower Mainland

We also sell cooked chicken
We take orders for all occassion

Serving You Since 1993



Jagir S. Nagra

Try our Special Chicken Tikkar

604-592-2900

#102-12047-80th Ave. Surrey (Besides Mega Fruticana)

www.fraserviewmeats.com

Rai EXPRESS LINES LTD.



Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900

Email-kal@raiexpresslines.com www. raiexpressline.com

Unit 125-7475 135th Street, BC V3W 0M8

# ਕਾਵਿ ਕਿਆਰੀ

## ਦੋ ਦਿਨ ਨੇ ਜੱਗ ਤੇ ਜਿਉਣਾ

ਦੋ ਦਿਨ ਨੇ ਜੱਗ ਤੇ ਜਿਉਣਾ ,
ਅਣਖਾਂ ਨਾਲ਼ ਜਿਉਂ ਲਈਏ ।
ਐਵੇਂ ਲਾਲਚ ਦੇ ਵੱਸ ਖੋਤੇ ਨੂੰ ,
ਅਸੀਂ ਬਾਪੂ ਕਿਉਂ ਕਹੀਏ ।
੧ ਜੋ ਰਾਹ ਦੇ ਵਿੱਚੋਂ ਰੋੜਾ ਚੁੱਕਦੇ ,
ਬੰਦੇ ਚੰਗੇ ਨੇ ।
ਉਹ ਨੀ ਸਾਨੂੰ ਜੱਚਦੇ ਜਿਹੜੇ ,
ਬੀਜਦੇ ਕੰਢੇ ਨੇ ।
ਜੋ ਯਾਰਾਂ ਨਾਲ਼ ਕਰੇ ਗਦਾਰੀ ,
ਛਿੱਤਰ ਭਿਉ ਲਈਏ ।
ਦੋ ਦਿਨ ਨੇ ਜੱਗ ਤੇ ਜਿਉਣਾ,
ਅਣਖਾਂ ਨਾਲ਼ ਜਿਉਂ ਲਈਏ ।
੨ ਨੀਵੇਂ ਰੁੱਖਾਂ ਉੱਤੋਂ ਰਾਹੀ ,
ਫ਼ਲ ਤੋੜਦੇ ਨੇ ।
ਜੋ ਬਾਹਲ਼ੇ ਉੱਚੇ ਦਿਸਦੇ ਨੇ,
ਉਹ ਖ਼ਾਲੀ ਮੋੜਦੇ ਨੇ ।
ਟੁੱਟੇ ਰਿਸ਼ਤੇ ਜੁੜਦੇ ਨੀ ,
ਕਦੇ ਲੱਖ ਸਿਉਂ ਲਈਏ ।
ਦੋ ਦਿਨ ਨੇ ਜੱਗ ਤੇ ਜਿਉਣਾ ,
ਅਣਖਾਂ ਨਾਲ਼ ਜਿਉਂ ਲਈਏ ।
੩ ਕੋਈ ਉਹਨਾਂ ਵਰਗਾ ਹੈ ਨਹੀਂ ,
ਜੋ ਪਲ਼ਦੇ ਸੜਕਾਂ ਤੇ ।
ਬੱਚਕੇ ਰਹਿਣਾ ਭੁੱਕਦੇ ਨੇ ਜੋ ,
ਲੂਣ ਬਈ ਰੜਕਾਂ ਤੇ ।
ਬਿੱਲੀ ਵਾਂਗੂ ਆਪਣਿਆਂ ਨੂੰ ,
ਕਦੇ ਨਾ ਮਿਉਂ ਕਹੀਏ ।
ਦੋ ਦਿਨ ਨੇ ਜੱਗ ਤੇ ਜਿਉਣਾ ,
ਅਣਖਾਂ ਨਾਲ਼ ਜਿਉਂ ਲਈਏ ।
੪ ਪੁੱਤਾਂ ਵਾਂਗੂ ਪਾਲ਼ਦੇ ਜੋ ,
ਆਪਣੀਆਂ ਫਸਲਾਂ ਨੂੰ ।
ਕਿਵੇਂ ਲੈਣੇ ਹੱਕ ਨੇ ਦਿੱਲੀਏ,
ਦੱਸ ਦਿੱਤੇ ਨਸਲਾਂ ਨੂੰ ।
ਥਰੀਕੇ ਵੱਢੇ ਜੜਾਂ ਥੋਡੀਆਂ ,
ਰਾਜਾ ਕਿਉਂ ਕਹੀਏ ।
ਦੋ ਦਿਨ ਨੇ ਜੱਗ ਤੇ ਜਿਉਣਾ ,
ਅਣਖਾਂ ਨਾਲ਼ ਜਿਉਂ ਲਈਏ॥



**ਹਰਦੀਪ ਗਰੇਵਾ.ਲ " ਥਰੀਕੇ**

## .ਗਜ਼ਲ

ਦਿਲ ਦੇ ਦਰਦ ਛੁਪਾ ਉੱਤੋਂ ਉੱਤੋਂ ਹੱਸਦੇ ਹਾਂ।
ਦੁੱਖ ਸੁੱਖ ਦਾ ਸੰਤੁਲਨ ਬਣਾ ਕੇ ਰੱਖਦੇ ਹਾਂ।
ਜਿਹਦਾ ਵਿਹੜਾ ਖ਼ੁਸ਼ੀਆਂ ਸੰਗ ਭਰਿਆ ਹੈ,
ਉਸ ਘਰ ਦੀ ਖ਼ੈਰ ਮਨਾ ਦਿਲੋਂ ਨੱਚਦੇ ਹਾਂ।
ਨਾਲ ਗੱਦਾਰਾਂ ਯਾਰੀ ਬਹੁਤੀ ਪੁਗਦੀ ਨਾ,
ਐਸੇ ਸੱਜਣਾਂ ਤੋਂ ਦੂਰੀ ਬਣਾ ਕੇ ਰੱਖਦੇ ਹਾਂ।
ਸਿਆਣੇ ਦਾ ਕਿਹਾ ਅਉਲੇ ਦਾ ਖਾਧਾ ਜੀ,
ਪਿੱਛੋਂ ਸੁਆਦ ਚੱਖ ਮਿੰਨਾ ਮਿੰਨਾ ਹੱਸਦੇ ਹਾਂ।
ਵੇਲੇ ਦਾ ਰਾਗ ਕੁਵੇਲੇ ਦੀਆਂ ਟੱਕਰਾਂ ਹੁੰਦੈ ਕਿ,
ਸਮੇਂ ਸੰਗ ਸਦਾ ਸੁਰਤਾਲ ਮਿਲਾ ਕੇ ਰੱਖਦੇ ਹਾਂ।
ਜ਼ਿੰਦਗੀ ਦੀ ਢਲੀ ਦੁਪਹਿਰ ਮਹਿਸੂਸ ਕਰਕੇ ਹੀ,
ਅਪਣੇ ਆਪ ਨੂੰ ਬਚਾਅ ਬਚਾਅ ਕੇ ਰੱਖਦੇ ਹਾਂ।
ਇਹ ਮੇਲਾ ਦੁਨੀਆ ਦਾ ਹੈ ਚਾਰ ਦਿਹਾੜੇ ਜੀ,
ਰੈਣ ਗੁਜ਼ਾਰ ਟੁਰ ਜਾਣ ਦੀ ਲੋਚਾ ਰੱਖਦੇ ਹਾਂ।
'ਆਜ਼ਾਦ' ਏਸ ਦੁਨੀਆ 'ਤੇ ਪੈੜਾਂ ਕਰ ਜਾਣੈ,
ਰਿਸਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾ ਕੇ ਰੱਖਦੇ ਹਾਂ।



**ਰਣਜੀਤ ਆਜ਼ਾਦ ਕਾਂਝਲਾ**


## ਕਵਿਤਾ

'ਲੱਤਾਂ' ਰਹਿ ਗਈਆਂ ਪਾਕਿਸਤਾਨ
'ਤੇ 'ਸਿਰ' ਦੇ ਦਿੱਤਾ ਹਰਿਆਣੇ ਨੂੰ।
ਨਕਸ਼ੇ ਉੱਤੇ ਵੇਖ ਕੇ ਰੋ ਪਿਆ
ਓਏ ਮੈਂ 'ਪੰਜਾਬ ਪੁਰਾਣੇ' ਨੂੰ॥
ਅੰਮ੍ਰਿਤਸਰ 'ਤੇ ਲਾਹੌਰ ਵਿਚਾਲੇ
ਐਸੀ ਖਿੱਚ ਲਕੀਰ ਦਿੱਤੀ।
ਕੰਡਿਆਂ ਵਾਲੀ ਤਾਰ ਲਗਾਕੇ
ਓਏ! ਹਿੱਕ ਪੰਜਾਬ ਦੀ ਚੀਰ ਦਿੱਤੀ॥
ਲਾਹੌਰ 'ਚ ਬੈਠੇ ਰੋਣ ਚੌਧਰੀ,
ਆਉਣ ਕਿਵੇਂ ਲੁਧਿਆਣੇ ਨੂੰ।
ਨਕਸ਼ੇ ਉੱਤੇ ਵੇਖ ਰੋ ਪਿਆ
ਓਏ ਮੈਂ ਪੰਜਾਬ ਪੁਰਾਣੇ ਨੂੰ॥
ਵੰਡ ਲੈਂਦੇ ਤੁਸੀਂ ਸਭ ਕੁੱਝ ਭਾਵੇਂ
ਸਾਨੂੰ ਤਾਂ 'ਕੱਠਿਆਂ ਰਹਿਣ ਦੇਂਦੇ।
ਲੜਦੇ ਓਂ,... ਲੜੋ ਤੁਸੀਂ ਕੁਰਸੀਆਂ ਖਾਤਰ,
ਪਰ ਸਾਨੂੰ ਤਾਂ ਟਿਕ ਕੇ ਬਹਿਣ ਦੇਂਦੇ॥
ਮੱਖਣ ਬਰਾੜ ਦੀ ਕਲਮ ਵੀ ਰੁਕ ਗਈ,
ਲਿਖਦੀ ਲਿਖਦੀ ਗਾਣੇ ਨੂੰ।
ਨਕਸ਼ੇ ਉੱਤੇ ਵੇਖ ਰੋ ਪਿਆ
ਓਏ ਮੈਂ ਪੰਜਾਬ ਪੁਰਾਣੇ ਨੂੰ।

ਆਪਣੇ ਵਪਾਰ ਦੇ ਵਾਧੇ ਲਈ
ਇਸ਼ਤਿਹਾਰ ਪਾਉਣ ਲਈ ਫੋਨ ਕਰੋ: 778-869-1097




SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

# .Ck Auto.

## CK AUTO SERVICES LTD.



TARSHOTAM BIRAN

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

SALE

BUY 4 TIRES & GET
ALLIGNMENT AT 1/2 PRICE
FLAT TYRE REPAIR FREE

**40% off**

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

**Clearance Sale**
*Limited Quantity

**On All Seasons & Winter Tires**
(Auplus & Comforser)




**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00




**215/70R15**
GOOD YEAR INTEGRITY
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

**Cell: 778-322-1610, Tel: 604-592-2667** #106-13112-84th Ave.,Surrey



TVTL
TAJVEER TRANSPORT LTD.

# TAJVEER
## TRANSPORT LTD.

ਸਾਨੂੰ ਕਨੇਡਾ/ਅਮਰੀਕਾ ਰੂਟਾਂ ਲਈ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ





**Ph:604-951-1515 Toll Free:1-855-882-1515**

19910-16th Ave, Langley BC V2Z 1K1

Email:info@tajveertransport.com sales@tajveertransport.com